ਲੋਕ-ਸ਼ਾਇਰ ਉਸਤਾਦ ਦਾਮਨ

ਪਿਆਰਾ ਸਿੰਘ ਸਹਿਰਾਈ

ਦਾਮਨ ਲੋਕਾਂ ਦਾ ਮਹਿਬੂਬ ਸ਼ਾਇਰ ਸੀ। ਹਕੂਮਤ ਇਸੇ ਲਈ ਉਹਦੀ ਖੁਸ਼ਨੂਦੀ ਹਾਸਲ ਕਰਨ ਦੀ ਚਾਹਵਾਨ ਸੀ। ਵਜ਼ੀਰ ਤੇ ਵਜ਼ੀਰ ਆਜ਼ਮ ਚੱਲ ਕੇ ਉਸਦੇ ਬੂਹੇ ਹਾਜ਼ਰ ਹੁੰਦੇ। ਉਸ ਦੇ ਲਈ ਕੁੱਝ ਕਰਨਾ ਚਾਹੁੰਦੇ, ਉਸਨੂੰ ਅਰਾਮ ਪਹੁੰਚਾਉਣ ਦੇ ਵਸੀਲੇ ਮੁਹੱਈਆ ਕਰਨਾ ਚਾਹੁੰਦੇ। ਦਾਮਨ ਫਾਕੇ ਕੱਟ ਰਿਹਾ ਸੀ। ਜਾਮਾ ਮਸਜਿਦ ਦੀਆਂ ਪੌੜੀਆਂ ਤੋਂ ਡੇਰਾ ਚੁੱਕ ਕੇ ਜਦੋਂ ਉਸਨੇ ਇੱਕ ਹੁਜਰੇ ਵਿੱਚ ਆ ਪ੍ਰਵੇਸ਼ ਕੀਤਾ ਤਾਂ ਉਸਦੇ ਕੋਲ ਇੱਕ ਬੋਰੀ ਥੱਲੇ ਵਿਛਾਉਣ ਲਈ ਤੇ ਇੱਕ ਲੋਟਾ ਸੀ। ਉਹ ਚਾਹੁੰਦਾ ਤਾਂ ਕਿਹੜੀ ਚੀਜ਼ ਸੀ ਜੋ ਉਹ ਪ੍ਰਾਪਤ ਨਹੀਂ ਸੀ ਕਰ ਸਕਦਾ। ਚੌਧਰੀ ਜ਼ਹੂਰ ਅਲੀ ਤਾਂ ਸੱਚੇ ਦਿਲੋਂ ਉਸਦੇ ਉਤੇ ਮਿਹਰਬਾਨ ਸਨ, ਉਸਦੇ ਕਦਰਦਾਨ ਸਨ, ਪਰ ਸਨ ਤਾਂ ਆਖਰ ਰਾਜ ਦੇ ਵਜ਼ੀਰ। ਉਸ ਤੋਂ ਵੀ ਉਸਤਾਦ ਜੀ ਨੇ ਕੋਈ ਲਾਭ ਉਠਾਉਣਾ ਮੁਨਾਸਬ ਨਾ ਸਮਝਿਆ। ਜਦ ਉਨ੍ਹਾਂ ਨੇ ਉਸਤਾਦ ਜੀ ਸਾਹਮਣੇ ਇਹ ਤਜਵੀਜ਼ ਰੱਖੀ ਕਿ ਹਕੂਮਤ ਦਾ ਖਿਆਲ ਏ ਕਿ ਤੁਸੀਂ ਹਿੰਦੋਸਤਾਨ ਜਾ ਕੇ ਪਾਕਿਸਤਾਨੀ ਸਫਾਰਤਖਾਨੇ ਵੱਲੋਂ ਕੰਮ ਕਰੋ ਤਾਂ ਜੋ ਦੋਵਾਂ ਮੁਲਕਾਂ ਵਿੱਚ ਸਾਂਝ ਲਈ ਕੋਈ ਬੁਨਿਆਦ ਕਾਇਮ ਹੋ ਸਕੇ, ਤਾਂ ਸਾਡੇ ਇਸ ਅਲਬੇਲੇ ਸ਼ਾਇਰ ਨੇ ਜਵਾਬ ਵਿੱਚ ਆਖਿਆ ਸੀ ਕਿ 'ਸਾਂਝ ਦੀ ਬੁਨਿਆਦ ਤਾਂ ਅਵਾਮ ਹੁੰਦੀ ਏ ਪਰ ਤੁਹਾਡੀ ਪਾਕਿਸਤਾਨੀ ਹਕੂਮਤ ਵਿੱਚ ਤਾਂ ਅਵਾਮ ਕੋਈ ਨਹੀਂ, ਖਾਸ ਈ ਖਾਸ ਏ।"

ਇੱਥੇ ਇਹ ਦੱਸਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਵਜ਼ੀਰ ਸੁਹਰਾਵਰਦੀ ਤੇ ਵਜ਼ੀਰ ਆਜ਼ਮ ਨੂਨ ਆਪਣੀ-ਆਪਣੀ ਵਾਰੀ, ਚੱਲ ਕੇ ਦਾਮਨ ਸਾਹਿਬ ਨੂੰ ਨਿਵਾਜਣ ਲਈ ਹੁਜਰੇ ਵਿੱਚ ਗਏ ਸਨ, ਪਰ ਦਾਮਨ ਸਾਹਿਬ ਨੇ ਉਨ੍ਹਾਂ ਨੂੰ ਟਿਚਕਰ ਨਾਲ ਹੀ ਠਿਠ ਕਰ ਦਿੱਤਾ ਸੀ ਸੁਹਰਾਵਰਦੀ ਨੂੰ ਆਖਿਆ ਸੀ ਕਿ ਦਸ ਬਾਰਾਂ ਪੇਟੀਆਂ ਸ਼ਰਾਬ ਦੀਆਂ ਭੇਜ ਦਿਓ ਅਤੇ ਨੂਨ ਸਾਹਿਬ ਨੂੰ ਕਿਹਾ ਸੀ "ਲੋਕੀਂ ਆਖਦੇ ਨੇ ਕਿ ਵਜ਼ੀਫਾ ਲੈਣ ਵਾਲਾ ਮਰ ਜਾਂਦਾ ਏ ਜਾਂ ਵਜ਼ੀਫਾ ਦੇਣ ਵਾਲਾ। ਪਰ ਮੈਂ ਅਜੇ ਮਰਨਾ ਨਹੀਂ ਚਾਹੁੰਦਾ।"

ਦਾਮਨ ਸਾਹਿਬ ਸਥਾਪਤੀ ਦੇ ਵੈਰੀ ਸਨ। ਉਹ ਤਾਂ ਦੇਸ਼ ਦੀ ਸਮਾਜੀ-ਆਰਥਿਕ ਢਾਂਚੇ ਨੂੰ ਬੱਚੇ ਖਾਣੀ ਮਾਂ ਨਾਲ ਤਸ਼ਬੀਹ ਦਿਆ ਕਰਦੇ ਸਨ। ਉਹ ਇਸ ਦੇ ਵਿਰੁੱਧ ਲੜਦੇ ਰਹੇ ਤੇ ਇਸਦੇ ਕਾਰਨ ਦੁੱਖ ਤੇ ਕਸ਼ਟ ਭੋਗੇ। ਅਵਾਮੀ ਹਕੂਮਤ ਦੇ ਦੌਰਾਨ ਤਾਂ ਉਨ੍ਹਾਂ ਉੱਤੇ ਦੋ ਪਿਸਤੌਲ ਰੱਖਣ ਤੇ ਇੱਕ ਦਸਤੀ ਬੰਬ ਰੱਖਣ ਦਾ ਝੂਠਾ ਮੁਕੱਦਮਾ ਵੀ ਬਣਾਇਆ ਗਿਆ। ਉਸਤਾਦ ਦਾ ਕਹਿਣਾ ਸੀ ਕਿ ਜੇ ਉਨ੍ਹਾਂ ਦੇ ਹੁਜਰੇ ਦਾ ਬੂਹਾ ਨਾ ਹੁੰਦਾ ਤਾਂ ਅੰਦਰੋਂ ਟੈਂਕ ਨਿਕਲਣੇ ਸਨ, ਜੇ ਛੱਤ ਨਾ ਹੁੰਦੀ ਤਾਂ ਹੈਲੀਕਾਪਟਰ ਨਿਕਲਣੇ ਸਨ। ਉਨ੍ਹਾਂ ਨੇ ਦਰਅਸਲ ਆਪਣੀ ਨਜ਼ਮ "ਇਹ ਕੀ ਕਰੀ ਜਾਨਾ ਏਂ।" ਵਿੱਚ ਸਰਕਾਰ ਉੱਤੇ ਭਰਪੂਰ ਵਾਰ ਕੀਤਾ ਸੀ। ਪਹਿਲਾਂ ਮਰੀ ਵਿਖੇ ਜਲਸੇ ਵਿੱਚ ਪੜ੍ਹੀ ਤੇ ਫੇਰ ਪੰਜਾਬ ਯੂਨੀਵਰਸਿਟੀ ਦੇ ਕੈਂਪਸ ਵਿੱਚ। ਨਜ਼ਮ ਬਹੁਤ ਹੀ ਲੋਕਪ੍ਰਿਯ ਹੋਈ ਤੇ ਹਕੂਮਤ ਨੇ ਉਸਤਾਦ ਦਾਮਨ ਉੱਤੇ ਬਗਾਵਤ ਦ ਮੁਕੱਦਮਾ ਬਣਾਉਣ ਲਈ ਨਜ਼ਾਇਜ ਅਸਲਾ ਰੱਖਣ ਦੇ ਜੁਰਮ ਵਿੱਚ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਸੀ।

ਅਵਾਮੀ ਹਕੂਮਤ ਪਿੱਛੋਂ ਅਯੂਬ ਖਾਂ ਦੀ ਫੌਜੀ ਹਕੂਮਤ ਕਾਇਮ ਹੋਈ ਤਾਂ ਉਹਨੂੰ ਲਲਕਾਰਨ ਦਾ ਹੌਸਲਾ ਵੀ ਦਾਮਨ ਨੇ ਕੀਤਾ-

ਏਸ ਮੁਲਕ ਦੀਆਂ ਮੌਜਾਂ ਈ ਮੌਜਾਂ
ਜਿੱਧਰ ਵੇਖੋ ਫੌਜਾਂ ਈ ਫੌਜਾਂ
ਏਸ ਮੁਲਕ ਦੇ ਦੋ ਖੁਦਾ,
ਮਾਰਸ਼ਲ ਲਾਅ ਤੇ ਲਾ ਅਲੱਾਹ

ਆਪਣੇ ਮਾਪਿਆਂ ਅਤੇ ਬਚਪਨ ਬਾਰੇ ਉਸਤਾਦ ਦਾਮਨ ਦੱਸਦੇ ਹਨ-

"ਅਸੀਂ ਦਰਜ਼ੀ ਹੁੰਦੇ ਆਂ ਤੇ ਮੇਰੀ ਮਾਂ ਧੋਬਣ ਸੀ। ਮੇਰਾ ਪਿਓ ਸਿੱਧਾ-ਸਾਦਾ ਤੇ ਸਾਊ ਢੱਗੇ ਵਾਂਗਰ ਹੁੰਦਾ ਸੀ। ਬਿਲਕੁਲ ਹੀ ਸਿਰ ਨਾ ਚੁੱਕਣ ਵਾਲਾ। ਮੇਰਾ ਦਾਦਾ ਚਲਾਕ ਤੇ ਜ਼ਾਲਮ ਸੀ। ਜਿਵੇਂ ਹਰ ਬਰਾਦਰੀ ਵਿੱਚ ਇੱਕ ਚੌਧਰੀ ਹੁੰਦਾ ਹੈ, ਮੇਰਾ ਦਾਦਾ ਵੀ ਆਪਣੀ ਬਰਾਦਰੀ ਵਿੱਚ ਚੌਧਰੀ ਕਿਸਮ ਦਾ ਬੰਦਾ ਸੀ। ਪੈਸੇ ਵਾਲਾ ਸੀ। ਖੋਹ ਮਾਰ ਵੀ ਕਰ ਲਿਆ ਕਰਦਾ ਸੀ, ਸੱਜੇ ਖੱਬੇ ਦਾਓ ਵੀ ਲਾ ਲਿਆ ਕਰਦਾ ਸੀ।

"ਦਾਦਾ ਜ਼ਾਲਮ ਤੇ ਮੂੰਹ ਜ਼ੋਰ ਅਤੇ ਪਿਓ ਸਿੱਧਾ-ਸਾਦਾ ਤੇ ਸਾਊ, ਇਸੇ ਕਰਕੇ ਮੇਰੇ ਪਿਓ ਨੂੰ ਬਰਾਦਰੀ ਵਿੱਚੋਂ ਕੋਈ ਰਿਸ਼ਤਾ ਦੇਣ ਨੂੰ ਤਿਆਰ ਨਾ ਹੋਇਆ। ਮੇਰੀ ਮਾਂ ਗਰੀਬ ਤੇ ਸ਼ਰੀਫ ਧੋਬੀ ਦੀ ਧੀ ਸੀ। ਬਹੁਤ ਹੀ ਗਰੀਬ ਸੀ ਮੇਰਾ ਨਾਨਕਾ ਝੁੱਗਾ। ਮੇਰੇ ਦਾਦੇ ਨੇ ਉਸ ਗਰੀਬ ਧੋਬੀ ਨੂੰ ਕੁੱਝ ਪੈਸਿਆਂ ਦਾ ਲਾਲਚ ਦੇ ਕੇ ਮੇਰੀ ਮਾਂ ਨੂੰ ਮੇਰੇ ਪਿਓ ਨਾਲ ਵਿਆਹ ਦਿੱਤਾ, ਭਾਵੇਂ ਪੈਸੇ ਦਾ ਸੌਦਾ ਸੀ ਪਰ ਮੇਰੀ ਮਾਂ ਨੇਕ ਧੀਆਂ ਵਾਂਗਰ ਕਬੂਲ ਕਰ ਲਿਆ ਤੇ ਮੇਰੇ ਪਿਓ ਨੂੰ ਆਪਣਾ ਮਜਾਜ਼ੀ ਖੁਦਾ ਮਿੱਥ ਕੇ ਸੇਵਾ ਕਰਦੀ ਰਹੀ। ਪਿਓ ਰੇਲਵੇ ਵਿੱਚ ਦਰਜੀ ਦਾ ਕੰਮ ਕਰਦਾ ਸੀ, ਖੌਰੇ ਠੇਕੇ ਉੱਤੇ ਕੰਮ ਲਿਆ ਹੋਇਆ ਸੀ।

"ਮੇਰੀ ਮਾਂ ਗੋਰੀ ਚਿੱਟੀ, ਖੂਬਸੂਰਤ ਤੇ ਸਿਹਤਮੰਦ ਸੀ। ਮੇਰਾ ਦਾਦਾ ਜਿਹੜਾ ਪੈਸੇ ਦੇ ਜ਼ੋਰ ਨਾਲ ਮੇਰੀ ਮਾਂ ਨੂੰ ਵਿਆਹ ਕੇ ਲਿਆਇਆ ਸੀ, ਸ਼ੁਰੂ ਤੋਂ ਹੀ ਮੇਰੀ ਮਾਂ ਨੂੰ ਮੈਲੀ ਨਜ਼ਰ ਨਾਲ ਵੇਖਣ ਲੱਗ ਪਿਆ। ਮੇਰੀ ਦਾਦੀ ਪਤਾ ਨਹੀਂ ਕਦੋਂ ਦੀ ਮਰ ਗਈ ਹੋਈ ਸੀ। ਮੇਰਾ ਪਿਓ ਤਾਂ ਭਲਾਮਾਨਸ ਤੇ ਆਪਣੇ ਪਿਓ ਕੋਲੋਂ ਡਰਨ ਵਾਲਾ ਬੰਦਾ ਸੀ, ਪਰ ਮੇਰੀ ਮਾਂ ਅਣਖੀ ਤੇ ਬਹਾਦਰ ਔਰਤ ਸੀ। ਉਸ ਮੇਰੇ ਦਾਦੇ ਦੀ ਕੋਈ ਗੱਲ ਨਹੀਂ ਮੰਨੀ, ਇਸ ਕਾਰਨ ਖਿੱਝ ਖਾ ਕੇ ਦਾਦਾ ਮੇਰੇ ਪਿਓ ਨੂੰ ਬਹਾਨੇ-ਬਹਾਨੇ ਨਾਲ ਜਾਂ ਵੇਲੇ-ਕੁਵੇਲੇ ਮਾਰਦਾ ਤੇ ਬੇਇੱਜ਼ਤ ਕਰਦਾ ਰਹਿੰਦਾ ਸੀ। ਬਾਅਦ ਵਿੱਚ ਮੇਰੇ ਮੇਰੇ ਨਾਲ ਵੀ ਦਾਦੇ ਦਾ ਨਫਰਤ ਵਾਲਾ ਸਲੂਕ ਹੀ ਸੀ। ਉਹ ਮੈਨੂੰ ਵੀ ਬੇਰਹਿਮੀ ਤੇ ਨਫਰਤ ਨਾਲ ਕੁੱਟਦਾ ਹੁੰਦਾ ਸੀ। ਇੱਕ ਵਾਰੀ ਮੇਰੀ ਭੂਆ ਆਈ ਹੋਈ ਸੀ। ਉਸ ਦੇ ਨਾਲ ਉਸਦਾ ਪੁੱਤਰ ਵੀ ਸੀ। ਉਦੋਂ ਉਹ ਸੱਤਵੀਂ ਵਿੱਚ ਪੜ੍ਹਦਾ ਸੀ ਤੇ ਮੈਂ ਉਸ ਤੋਂ ਲੈ ਕੇ ਉਸਦੀ ਕਿਤਾਬ ਵੇਖ ਰਿਹਾ ਸਾਂ। ਇੰਨੇ ਚਿਰ ਨੂੰ ਦਾਦਾ ਆ ਗਿਆ, ਉਸਨੇ ਮੇਰੇ ਹੱਥੋਂ ਕਿਤਾਬ ਖੋਹ ਲਈ ਤੇ ਇੱਕ ਚੰਡ ਮਾਰ ਕੇ ਕਿਹਾ "ਤੇਰੇ ਵਰਗੇ ਇੱਕ ਗਸ਼ਤੀ ਦੇ ਪੁੱਤਰ ਨੂੰ ਇਲਮ ਦੀ ਕੀ ਲੋੜ ਏ।"

"ਦਾਦਾ ਮੇਰੇ ਪਿਓ ਕੋਲੋਂ ਦਾਬੇ ਨਾਲ ਸਾਰੀ ਦੀ ਸਾਰੀ ਮਜ਼ਦੂਰੀ ਦੀ ਰਕਮ ਖੋਹ ਲਿਆ ਕਰਦਾ ਸੀ ਤੇ ਸਾਨੂੰ ਕਈ ਵਾਰ ਫਾਕੇ ਕੱਟਣੇ ਪੈਂਦੇ। ਦਾਦਾ ਦਿਨੋਂ-ਦਿਨ ਵਧੇਰੇ ਕਮੀਨਾ ਤੇ ਕੌੜਾ ਹੁੰਦਾ ਜਾ ਰਿਹਾ ਸੀ। ਉਸ ਦੀ ਕਮੀਨਗੀ ਤੋਂ ਤੰਗ ਆ ਕੇ ਸਾਡੀ ਮਾਂ ਸਾਨੂੰ ਆਪਣੀ ਭੈਣ ਕੋਲ ਬਾਗਬਾਨਪੁਰੇ ਲੈ ਆਈ।"

"ਪਿਓ ਨੂੰ ਰੇਲਵੇ ਦੇ ਮਹਿਕਮੇ ਵਿੱਚੋਂ ਜਵਾਬ ਮਿਲ ਗਿਆ ਸੀ। ਮੇਰੀ ਮਾਂ ਬਾਗਬਾਨਪੁਰੇ ਵਿੱਚ ਇੱਕ ਚੌਧਰੀ ਦੇ ਘਰ ਨੌਕਰਾਣੀ ਰਹਿ ਪਈ। ਉਹ ਭਾਂਡੇ ਮਾਂਜਦੀ, ਕੱਪੜੇ ਧੋਂਦੀ ਤੇ ਹਾਂਡੀ ਰੋਟੀ ਵੀ ਕਰਦੀ ਸੀ। ਮੈਂ ਵੀ ਮਾਂ ਦੇ ਨਾਲ ਹੱਥ ਵਟਾਉਂਦਾ ਸਾਂ। ਚੌਧਰੀ ਚੰਗਾ ਖਾਂਦੇ ਸਨ, ਚੰਗਾ ਪੱਕਦਾ ਸੀ। ਚੰਗੀ ਹਾਂਡੀ ਪਕਾਉਣੀ ਮੇਰੀ ਮਾਂ ਨੇ ਉੱਥੇ ਚੌਧਰੀਆਂ ਦੇ ਘਰ ਵਿੱਚ ਹੀ ਸਿੱਖੀ ਸੀ ਤੇ ਮੈਂ ਆਪਣੀ ਮਾਂ ਕੋਲੋਂ ਸਿੱਖ ਲਈ ਸੀ।"

ਬੜੇ ਹੀ ਬੁਰੇ ਦਿਨ ਸਨ ਉਹ। ਘਰ ਵਿੱਚ ਫਾਕੇ ਤੇ ਪਿਓ ਸ਼ਰਾਬ ਪੀਣ ਲੱਗ ਪਿਆ ਸੀ। ਉਹ ਤਾਂ ਮੈਨੂੰ ਵੀ ਘੁੱਟ ਲਵਾਂਦਾ ਤੇ ਆਖਦਾ ਫੜ ਪੀ ਘੁੱਟ ਤੇ ਸ਼ੇਰ ਹੋ ਜਾ। ਚੌਧਰੀਆਂ ਦੇ ਘਰੋਂ ਮਾਂ ਜੂਠ ਇਕੱਠੀ ਕਰਕੇ ਲੈ ਆਉਂਦੀ ਸੀ। ਕਦੇ-ਕਦੇ ਰੋਟੀ ਵੀ ਚੋਰੀ ਕਰ ਲਿਆ ਕਰਦੀ ਸੀ। ਕੁੱਝ-ਕੁੱਝ ਮਾਸੀ ਵੀ ਮੱਦਦ ਕਰ ਦਿੰਦੀ ਸੀ। ਮੇਰੀ ਮਾਂ ਦੇ ਜ਼ੋਰ 'ਤੇ ਪਿਓ ਇੱਕ ਦੁਕਾਨ ਉੱਤੇ ਬਹਿ ਕੇ ਦਰਜੀ ਦਾ ਕੰਮ ਕਰਨ ਲੱਗ ਪਿਆ ਸੀ। ਜਦ ਕੰਮ ਜ਼ਿਆਦਾ ਹੁੰਦਾ, ਮੈਨੂੰ ਵੀ ਆਪਣੇ ਨਾਲ ਕੰਮ ਉੱਤੇ ਲਾ ਲੈਂਦਾ। ਛੁੱਟੀ ਕਾਰਨ ਮੈਥੋਂ ਸਕੂਲ ਛੁੱਟ ਜਾਇਆ ਕਰਦਾ। ਜਦ ਕੰਮ ਦਾ ਜ਼ੋਰ ਮੁਕ ਜਾਂਦਾ ਜਾਂ ਕੰਮ ਘੱਟ ਹੁੰਦਾ ਤਾਂ ਮੈਨੂੰ ਅਗਲੇ ਸਕੂਲ ਦਾਖਲ ਕਰਵਾ ਦਿੱਤਾ ਜਾਂਦਾ। ਇੰਝ ਹੀ ਮੈਟ੍ਰਿਕ ਤੀਕਰ ਹੁੰਦਾ ਰਿਹਾ। ਉਦੋਂ ਸਕੂਲਾਂ ਵਿੱਚ ਤਸ਼ੱਦਦ ਬਹੁਤ ਹੁੰਦਾ ਸੀ। ਸਾਡੀ ਸਾਰੀ ਹਯਾਤੀ ਵਿੱਚ ਤਸ਼ੱਦਦ ਈ ਤਸ਼ੱਦਦ ਏ। ਬਾਲਪੁਣੇ ਤੋਂ ਲੈ ਕੇ ਮਰਨ ਤੀਕਰ ਕੁੱਟ ਈ ਪੈਂਦੀ ਰਹਿੰਦੀ ਏ। ਜ਼ਿਹਨੀ ਤਸ਼ੱਦਦ ਵੱਖ ਹੁੰਦਾ ਏ। ਫੇਰ ਵੱਡੇ ਹੋ ਕੇ ਅਸੀਂ ਇਹੋ ਤਸ਼ੱਦਦ ਅੱਗੇ ਵੰਡਦਾ ਹਾਂ।"

"ਮਾਸਟਰ ਵਹਾਬ ਦੀ ਦੁਕਾਨ ਉੱਤੇ ਮੈਂ ਟੇਲਰਿੰਗ ਦਾ ਕੰਮ ਸਿੱਖਦਾ ਸਾਂ, ਉੱਥੇ ਸਿਆਸੀ ਲੋਕ ਆ ਕੇ ਬੈਠਿਆ ਕਰਦੇ ਸਨ। ਮਾਸਟਰ ਵਹਾਬ ਖੁੱਦ ਵੀ ਦਹਿਰੀਏ (ਨਾਸਤਕ) ਤੇ ਸੈਕੂਲਰ ਖਿਆਲਾਂ ਦੇ ਸਨ। ਸਿਆਸੀ ਤੇ ਮਜ਼ਹਬੀ ਬਹਿਸਾਂ ਵਿੱਚ ਹਿੱਸਾ ਲੈਂਦੇ ਸਨ। ਉੱਥੇ ਹੁੰਦੀ ਬਹਿਸ ਸੁਣ-ਸੁਣ ਕੇ ਮੈਂ ਵੀ ਜੋੜ ਜੋੜਨ ਲੱਗ ਪਿਆ ਸਾਂ। ਮੇਰੇ ਜੋੜ ਮੀਆਂ ਮੀਰ ਇਫਤਰਦੀਨ ਨੇ ਸੁਣ ਲਏ। ਉਹ ਉਸ ਵੇਲੇ ਕਾਂਗਰਸ ਦੇ ਸਦਰ ਸਨ। ਮਾਸਟਰ ਵਹਾਬ ਕੋਲੋਂ ਆਪਣੇ ਕੱਪੜੇ ਸਵਾਇਆ ਕਰਦੇ ਸਨ। ਪੂਰੇ ਹਿੰਦੋਸਤਾਨ ਵਿੱਚ ਆਜ਼ਾਦੀ ਦੀਆਂ ਤਹਿਰੀਕਾਂ ਚੱਲ ਰਹੀਆਂ ਸਨ। ਅੰਗਰੇਜ਼ ਦੇ ਖਿਲਾਫ ਨਫਰਤ ਵੱਧਦੀ ਜਾ ਰਹੀ ਸੀ। ਮੀਆਂ ਇਫਤਾਰਖਾਰਦੀਨ ਮੈਨੂੰ ਕਾਂਗਰਸ ਦੇ ਜਲਸੇ ਵਿੱਚ ਲੈ ਗਿਆ। ਮੈਂ ਮੰਚ 'ਤੇ ਖਲੋ ਕੇ ਨਜ਼ਮ ਪੜ੍ਹੀ। ਲੋਕਾਂ ਬਹੁਤ ਪਸੰਦ ਕੀਤੀ। ਪੰਡਤ ਜਵਾਹਰ ਲਾਲ ਨਹਿਰੂ ਉੱਥੇ ਮੌਜੂਦ ਸਨ, ਉਹ ਮੇਰੇ ਉੱਤੇ ਬਹੁਤ ਮਿਹਰਬਾਨ ਹੋਏ। ਮੀਆਂ ਇਫਤਾਰਖਾਰਦੀਨ ਜਦ ਮੈਨੂੰ ਦੱਸਾਂ ਦਾ ਨੋਟ ਇਨਾਮ ਵੱਜੋਂ ਦਿੱਤਾ ਤਾਂ ਇਹ ਮੇਰੇ ਲਈ ਬਹੁਤ ਵੱਡੀ ਰਕਮ ਸੀ। ਮੈਂ ਅਜੇ ਦਸਾਂ ਦਾ ਨੋਟ ਹੱਥਾਂ ਵਿੱਚ ਲੈ ਕੇ ਵੇਖ ਹੀ ਰਿਹਾ ਸਾਂ ਕਿ ਪੰਡਿਤ ਜੀ ਨੇ ਕਿਹਾ ਕਿ ਇਸ ਮੁੰਡੇ ਨੂੰ ਇੱਕ ਸੌ ਦਾ ਨੋਟ ਮੇਰੇ ਵੱਲੋਂ ਦੇ ਦੇਵੋ। ਇਸ ਮੁੰਡੇ ਨੂੰ ਆਪਣੇ ਨਾਲ ਰੱਖੋ।"

ਮੇਰੇ ਲਈ ਤਾਂ ਦੱਸ ਰੁਪਏ ਹੀ ਬਹੁਤ ਜ਼ਿਆਦਾ ਸਨ। ਮੇਰੀ ਹੈਸੀਅਤ ਨਾਲੋਂ, ਉੱਤੇ ਸੌ ਦਾ ਨੋਟ ਮਿਲਣ ਨਾਲ ਮੇਰੀ ਕਾਇਆ ਹੀ ਪਲਟ ਗਈ। ਮੈਂ ਫਿਰ ਦੁਕਾਨ ਉੱਤੇ ਈ ਨਹੀਂ ਗਿਆ। ਕਾਂਗਰਸ ਦੇ ਜਲਸਿਆਂ ਵਿੱਚ ਨਜ਼ਮਾਂ ਪੜ੍ਹਨ ਲੱਗ ਗਿਆ, ਆਜ਼ਾਦੀ ਦੇ ਗੀਤ ਗਾਉਣ ਲੱਗ ਗਿਆ। ਆਪਣੇ ਲਈ ਨਹੀਂ, ਆਪਣੇ ਵਰਗੇ ਸਾਰੇ ਲੋਕਾਂ ਲਈ। ਜਲਸਾ ਪੜ੍ਹਨ ਕਾਰਨ ਪੈਸੇ ਵੀ ਮਿਲਦੇ ਸਨ ਤੇ ਦਾਦ ਵੀ ਢੇਰ ਲੱਭਦੀ ਸੀ। ਸ਼ਾਇਰੀ ਦੀ ਨੋਕ ਪਲਕ ਸੰਵਾਰਨ ਲਈ ਮੈਂ ਉਸਤਾਦ ਹਮਦਮ ਹੋਰਾਂ ਦੇ ਪੈਰ ਜਾ ਫੜੇ।"

ਉਸਤਾਦ ਦਾਮਨ ਦੀ ਲੋਕ-ਪ੍ਰਿਯਤਾ ਨੇ ਸਿਖਰ ਛੋਹ ਲਈ। ਲੋਕ ਉਨ੍ਹਾਂ ਨੂੰ 'ਸਟੇਜਾਂ ਦਾ ਸਿਕੰਦਰ' ਆਖਦੇ ਸਨ। ਪੰਡਤ ਨਹਿਰੂ ਜੀ ਦਾ ਤਾਂ ਉਹ ਚਹੇਤਾ ਸ਼ਾਇਰ ਸੀ। ਇੱਥੇ ਇਹ ਵੀ ਦੱਸ ਦੇਈਏ ਕਿ ਸੁਤੰਤਰਤਾ ਪ੍ਰਾਪਤੀ ਤੋਂ ਮਗਰੋਂ ਦਾਮਨ ਇੱਕ ਵਾਰ ਭਾਰਤ ਫੇਰੀ ਤੇ ਆਏ ਤਾਂ ਪੰਡਤ ਜੀ ਨੇ ਉਨ੍ਹਾਂ ਨੂੰ ਪ੍ਰੇਰਿਆ ਕਿ ਦਾਮਨ ਸਾਹਿਬ ਪਾਕਿਸਤਾਨ ਦੀ ਫਿਜ਼ਾ ਤੁਹਾਡੇ ਰਾਸ ਨਹੀਂ ਆਉਣੀ। ਉੱਥੋਂ ਦਾ ਮਾਹੌਲ ਕੱਟੜਪੰਥੀ ਕਿਸਮ ਦਾ ਹੈ, ਤੁਸੀਂ ਸੈਕੂਲਰ ਬੰਦੇ ਹੋ, ਹਿੰਦੋਸਤਾਨ ਹੀ ਤੁਹਾਨੂੰ ਰਾਸ ਆ ਸਕਦਾ ਹੈ, ਪਰ ਦਾਮਨ ਹੁਰਾਂ ਇਹ ਗੱਲ ਨਾ ਮੰਨੀ। ਉਹ ਆਪਣੀ ਜੰਮਣ ਭੋਇੰ, ਲਾਹੌਰ ਨੂੰ ਇੰਨਾ ਪਿਆਰਦੇ ਸਨ ਕਿ ਉਹਦੇ ਨਾਲੋਂ ਨਿੱਖੜ ਹੀ ਨਹੀਂ ਸਨ ਸਕਦੇ, ਭਾਵੇਂ ਉਹ ਜਾਣਦੇ ਸਨ ਕਿ ਪਾਕਿਸਤਾਨ ਵਿੱਚ ਉਨ੍ਹਾਂ ਦਾ ਕੋਈ ਮੁੱਲ ਨਹੀਂ ਤੇ ਉਨ੍ਹਾਂ ਨੂੰ ਕਦਮ-ਕਦਮ ਤੇ ਤਕਲੀਫਾਂ ਤੇ ਕਸ਼ਟਾਂ ਦਾ ਮੂੰਹ ਵੇਖਣਾ ਪਵੇਗਾ। ਕਾਂਗਰਸੀ ਸ਼ਾਇਰ ਦੀ ਕਦਰ ਭਲਾ ਉੱਥੋਂ ਦਾ ਕੱਟੜ ਮਜ਼ਹਬੀ ਸਮਾਜ ਕਿਵੇਂ ਕਰ ਸਕਦਾ ਸੀ?

ਸੋ, ਉਸਤਾਦ ਦਾਮਨ ਨਾਲ ਤੇ ਇੱਕ ਹੋਰ ਮਕਬੂਲ ਸ਼ਾਇਰ, ਦਾਮਨ ਦੇ ਗੁਰ-ਭਾਈ ਫੀਰੋਜ਼ ਸ਼ਾਇਰਾਂ ਆਦਿ ਨੇ ਪੁਰਾਣੀਆਂ ਕੌੜਾਂ ਕੱਢੀਆਂ। ਮਾਲੀ ਹਾਲਤ ਬਹੁਤ ਹੀ ਵਿਗੜ ਗਈ। ਰੋਜ਼ੀ ਰੋਟੀ ਦਾ ਆਸਰਾ ਖੁਸ ਗਿਆ। ਜਿਨ੍ਹਾਂ ਸੁੰਤਤਰਤਾ ਪ੍ਰੇਮੀ ਸ਼ਾਇਰਾਂ ਸ਼ਾਇਰਾਂ ਦੇ ਬੋਝੇ ਰੁਪਈਆਂ ਨਾਲ ਭਰੇ ਰਹਿੰਦੇ ਸਨ, ਉਨ੍ਹਾਂ ਨੂੰ ਹਣ ਫਾਕੇ ਕੱਟਣ ਉੱਤੇ ਮਜ਼ਬੂਰ ਹੋਣਾ ਪਿਆ। ਪਾਠਕਾਂ ਨੂੰ ਇਹ ਦੱਸਣਾ ਵੀ ਜ਼ਰੂਰੀ ਸਮਝਦਾ ਹਾਂ ਕਿ ਉਸਤਾਦ ਦਾਮਨ ਤੇ 'ਸ਼ਰਫ' ਵਰਗੇ ਸ਼ਾਇਰ ਸਿੱਖਾਂ ਦੀਆਂ ਧਾਰਮਿਕ ਸਭਾਵਾਂ ਵਿੱਚ ਆਮ ਬੁਲਾਏ ਜਾਂਦੇ ਸਨ ਅਤੇ ਬਹੁਤ ਸਲਾਹੇ ਜਾਂਦੇ ਸਨ। ਦਾਮਨ ਸਾਹਿਬ ਦਾ ਕਹਿਣਾ ਹੈ ਕਿ "ਸਿੱਖਾਂ ਦੇ ਮਜ਼ਹਬੀ ਮੁਸ਼ਾਇਰਿਆਂ ਉੱਤੇ ਸਿੱਖ ਮਰਦ, ਔਰਤਾਂ ਬਹੁਤ ਪੈਸੇ ਦਿੰਦੇ ਸਨ। ਸ਼ਾਇਰ ਨੂੰ ਬਹੁਤ ਕੁੱਝ ਲੱਭ ਜਾਂਦਾ ਸੀ। ਸਿੱਖ ਔਰਤਾਂ ਛੱਤਾਂ ਉੱਤੇ ਥੈਲੀਆਂ ਲਟਕਾ ਦਿਆ ਕਰਦੀਆਂ ਸਨ। ਇਨ੍ਹਾਂ ਥੈਲੀਆਂ ਵਿੱਚ ਪੈਸੇ ਹੁੰਦੇ ਸਨ। ਕੋਈ-ਕੋਈ ਔਰਤ ਅਕੀਦਤ ਨਾਲ ਟੂਮ ਛੱਲਾਂ ਵੀ ਥੈਲੀ ਵਿੱਚ ਘੱਲ ਦਿੰਦੀ ਸੀ। ਉਹ ਲੋਕ ਦਾਨ ਬਹੁਤ ਕਰਦੇ ਸਨ।"

ਤੇ ਹੁਣ ਹਾਲਤ ਉਲਟੀ ਹੋ ਗਈ ਸੀ। ਇਨ੍ਹਾਂ ਉੱਤੇ ਰਿਜ਼ਕ ਦੇ ਦਰਵਾਜ਼ੇ ਬੰਦ ਹੋ ਗਏ। ਦਾਮਨ ਸਾਹਿਬ ਦਾ ਪਾਸਪੋਰਟ ਜ਼ਬਤ ਕਰ ਲਿਆ ਗਿਆ। ਉਨ੍ਹਾਂ ਨੂੰ ਗੱਦਾਰ ਗਰਦਾਨਿਆ ਗਿਆ ਅਤੇ ਉਨ੍ਹਾਂ ਦੀ ਦੁਕਾਨ ਨੂੰ ਅੱਗ ਲਾ ਦਿੱਤੀ ਗਈ। ਦੁਕਾਨ ਵਿੱਚ ਕਿਤਾਬਾਂ ਦੇ ਨਾਲ ਹੀ ਉਸਤਾਦ ਜੀ ਦਾ ਕਲਾਮ ਤੇ ਇਸ ਦੇ ਨਾਲ ਹੀ ਹੀਰ ਰਾਂਝੇ ਦਾ ਉਹ ਮਸੌਦਾ ਵੀ ਸੜ ਗਿਆ, ਜੋ ਉਹ ਕੁੱਝ ਸੱਜਣਾਂ ਦੇ ਕਹਿਣ ਉੱਤੇ ਲਿਖ ਰਹੇ ਸਨ। ਦਾਮਨ ਸਾਹਿਬ ਦੇ ਬਹੁਤ ਸਾਰੇ ਕਲਾਮ ਦੇ ਨਾਲ ਉਹ ਕਲਾਮ ਵੀ ਸੜ ਕੇ ਸੁਆਹ ਹੋ ਗਿਆ, ਜੋ ਉਹ ਸਿੱਖਾਂ ਦੇ ਧਾਰਮਿਕ ਅਵਸਰਾਂ ਉੱਤੇ ਪੜ੍ਹਿਆ ਕਰਦੇ ਸਨ।

ਦਾਮਨ ਸਾਹਿਬ ਨੇ ਆਪਣੀ ਜਾਨ ਖਤਰੇ ਵਿੱਚ ਪਈ ਵੇਖੀ ਤੇ ਉਹ ਕਰਾਚੀ ਚੱਲੇ ਗਏ। ਪੰਜਾਬ ਦੇ ਇਸ ਉੱਘੇ ਸ਼ਾਇਰ ਨੇ ਕਰਾਚੀ ਦੇ ਫੁੱਟਪਾਥਾਂ ਉੱਤੇ ਕੁੱਝ ਦਿਨ ਬੂਟ ਪਾਲਿਸ਼ ਵੀ ਕੀਤੇ। ਇੱਥੋਂ ਹੀ ਉਨ੍ਹਾਂ ਨੂੰ ਫਿਲਮਸਾਜ਼ ਨਕਸ਼ਬ ਆਪਣੇ ਨਾਲ ਲੈ ਗਿਆ, ਜਿਹੜਾ ਉਦੋਂ ਫਿਲਮ ਮੈਖਾਨਾ ਬਣਾਉਣ ਦੇ ਸਿਲਸਿਲੇ ਵਿੱਚ ਤਿਆਰੀਆਂ ਕਰ ਰਿਹਾ ਸੀ ਤੇ ਇਸ ਕੰਮ ਵਿੱਚ ਉਸ ਨੇ ਦਾਮਨ ਸਾਹਿਬ ਨੂੰ ਆਪਣੀ ਸੱਜੀ ਬਾਂਹ ਬਣਾ ਲਿਆ।

ਦਾਮਨ ਸਾਹਿਬ ਨੇ ਉਸਦੀ ਮੁਲਾਜ਼ਮਤ ਕਰ ਲਈ ਤੇ ਰੁਜ਼ਗਾਰ ਦਾ ਮਸਲਾ ਹੱਲ ਹੋ ਗਿਆ, ਪਰ ਉਹ ਨਕਸ਼ਬ ਦੀ ਬਦਤਮੀਜ਼ੀ ਤੇ ਬਦ-ਜ਼ਬਾਨੀ ਨੂੰ ਬਰਦਾਸ਼ਤ ਨਾ ਕਰ ਸਕੇ। ਇੱਕ ਦਿਨ ਨਕਸ਼ਬ ਦੇ ਦਫਤਰ ਵਿੱਚ, ਜਿੱਥੇ ਕਈ ਪੰਜਾਬੀ ਵੀ ਬੈਠੇ ਹੋਏ ਸਨ, ਪੰਜਾਬ ਤੇ ਪੰਜਾਬੀ ਦੀ ਗੱਲ ਟੁਰ ਪਈ। ਨਕਸ਼ਬ ਕਹਿਣ ਲੱਗਾ "ਯਹਾਂ ਕਿਸੀ ਪੰਜਾਬੀ ਕੇ ਬਾਪ ਕਾ ਹੀ ਪਤਾ ਨਹੀਂ ਚੱਲਤਾ, ਬਲਕਿ ਮੁਝੇ ਤੋਂ ਕਿਸੇ ਕਾ ਬਾਪ ਨਜ਼ਰ ਹੀ ਨਹੀਂ ਆਤਾ।" ਦਾਮਨ ਸਾਹਿਬ ਇਹ ਬਦ-ਜ਼ੁਬਾਨੀ ਜਰ ਨਾ ਸਕੇ। ਕੁਰਸੀ ਤੋਂ ਉੱਠੇ, ਫਾਈਲ ਨਕਸ਼ਬ ਦੇ ਮੂੰਹ ਉੱਤੇ ਮਾਰੀ ਅਤੇ ਇਹ ਆਖਦਿਆਂ ਬਾਹਰ ਨਿਕਲ ਗਏ। "ਕਿਸੇ ਭਈਏ ਦਾ ਪਿਓ ਹੋਵੇ ਨਾ ਹੋਵੇ, ਪਰ ਮੇਰਾ ਪਿਓ ਹੈ। ਲਾਹੌਰ ਦੀ ਮਿਊਂਸੀਪਲ ਕਮੇਟੀ ਦੇ ਦਫਤਰ ਵਿੱਚ ਮੇਰੇ ਤੇ ਮੇਰੇ ਪਿਓ ਦਾ ਨਾਂਅ ਦਰਜ ਏ।"

ਕਰਾਚੀ ਤੋਂ ਲਾਹੌਰ ਪਰਤ ਆਏ। ਮੁੜ ਫਾਕਾਮਸਤੀ ਦਾ ਦੌਰ ਸ਼ੁਰੂ ਹੋ ਗਿਆ। ਦਾਮਨ ਨੇ ਬਾਦਸ਼ਾਹੀ ਮਸਜਦ ਦੀਆਂ ਪੌੜੀਆਂ ਵਿੱਚ ਆਣ ਡੇਰਾ ਲਾਇਆ। ਪੈਸਾ ਧੇਲਾ ਪੱਲੇ ਕੋਈ ਨਹੀਂ ਸੀ। ਕੁੱਝ ਜਾਣ-ਪਹਿਚਾਣ ਵਾਲੇ ਲੋਕ ਆ ਜਾਂਦੇ, ਗੱਪਾਂ ਚੱਲਦੀਆਂ, ਇਲਮੋ ਅਦਬ ਦੀਆਂ ਗੱਲਾਂ ਵੀ ਹੁੰਦੀਆਂ। ਸਵੇਰੇ ਉੱਠਦੇ ਮੂੰਹ ਹੱਥ ਧੋ ਨੇੜੇ ਦੇ ਇੱਕ ਹੋਟਲ ਤੋਂ ਨਾਸ਼ਤਾ ਕਰਦੇ ਤੇ ਪੈਸੇ ਦਿੱਤੇ ਬਿਨਾਂ ਉੱਠ ਆਉਂਦੇ। ਹੋਟਲ ਦੇ ਨੌਕਰ ਪੈਸੇ ਲਈ ਨਾ ਕਹਿੰਦੇ ਕਿਉਂ ਜੋ ਉਨ੍ਹਾਂ ਦੇ ਖਿਆਲ ਵਿੱਚ ਉਸਤਾਦ ਕੋਈ ਪਹਿਲਵਾਨ ਸੀ ਤੇ ਉਨ੍ਹਾਂ ਦਿਨਾਂ ਵਿੱਚ ਪਹਿਲਵਾਨਾਂ ਦਾ ਬਹੁਤ ਰੋਹਬ ਹੁੰਦਾ ਸੀ। ਨੌਕਰਾਂ ਆਪਣੇ ਮਾਲਕ, ਮੁਹੰਮਦ ਰਫੀ ਨੂੰ ਦੱਸਿਆ ਤੇ ਉਹ ਇੱਕ ਦਿਨ ਉਸਤਾਦ ਜੀ ਦੇ ਮਗਰ-ਮਗਰ ਸ਼ਾਹੀ ਮਸਜਦ ਦੀਆਂ ਪੌੜੀਆਂ ਤੱਕ ਪਹੁੰਚ ਗਿਆ ਤੇ ਪੈਸੇ ਅਦਾ ਨਾ ਕਰਨ ਦੇ ਕਾਰਨ ਬਾਰੇ ਪੁੱਛਿਆ ਤਾਂ ਉਸਤਾਦ ਜੀ ਨੇ ਸਾਫ-ਸਾਫ ਆਖ ਦਿੱਤਾ ਕਿ ਮੇਰੇ ਪਾਸ ਕੋਈ ਪੈਸੇ ਹਨ ਹੀ ਨਹੀਂ, ਜਦੋਂ ਹੱਥ ਆਏ ਤਾਂ ਸਾਰੇ ਇਕੱਠੇ ਹੀ ਦੇ ਦਿਆਂਗੇ।

ਗੱਲਾਂ ਦੇ ਦੌਰਾਨ ਮੁਹੰਮਦ ਰਫੀ ਨੂੰ ਜਦ ਮਾਲੂਮ ਹੋਇਆ ਤਾਂ ਇਹ ਬੰਦਾ ਤਾਂ ਉਸਤਾਦ ਦਾਮਨ ਏ ਤਾਂ ਉਹਨੇ ਬੜੇ ਇਹਤਰਾਮ ਨਾਲ ਕਿਹਾ "ਉਸਤਾਦ ਜੀ ਨਾਸ਼ਤਾ ਹੀ ਨਹੀਂ, ਤੁਸੀਂ ਜਦੋਂ ਵੀ ਚਾਹੋ ਹੋਟਲ ਤੋਂ ਖਾ ਪੀ ਸਕਦੇ ਹੋ। ਤੁਹਾਡੇ ਲਈ ਤੁਹਾਡੇ ਹੋਰ ਮਿਲਣ ਵਾਲੇ ਵੀ ਖਾ ਪੀ ਸਕਦੇ ਨੇ। ਪੈਸਿਆਂ ਦੀ ਕੋਈ ਗੱਲ ਨਹੀਂ, ਜਦ ਕਦੀ ਹੋਣਗੇ ਤਾਂ ਆਪੇ ਆ ਜਾਣਗੇ। ਹੁਣ ਰਫੀ ਸਾਹਿਬ ਨੇ ਉਸਤਾਦ ਦਾਮਨ ਲਈ ਕੋਈ ਟਿਕਾਣਾ ਲੱਭਣ ਲਈ ਦੌੜ ਭੱਜ ਕੀਤੀ ਤੇ ਅੰਜਮਨ ਹਿਮਾਇਤ ਇਸਲਾਮ ਕੋਲੋਂ ਦਾਮਨ ਸਾਹਿਬ ਨੂੰ ਹੁਜਰਾ ਦਿਲਵਾ ਦਿੱਤਾ। ਇਸਦਾ ਕਿਰਾਇਆ ਭਾੜਾ ਤੇ ਪਗੜੀ ਆਦਿ ਵੀ ਉਨ੍ਹਾਂ ਨੇ ਆਪਣੇ ਕੋਲੋਂ ਅਦਾ ਕੀਤੀ ਸੀ। ਰਫੀ ਸਾਹਿਬ ਉਸਤਾਦ ਦਾ ਸਿਦਕੀ ਸ਼ਰਧਾਲੂ ਸੀ। ਉਹਨੇ ਹਰ ਭੀੜਾ ਵਿੱਚ ਉਨ੍ਹਾਂ ਦਾ ਸਾਥ ਦਿੱਤਾ।

ਉਸਤਾਦ ਦਾਮਨ ਦੇ ਵਿਆਹ ਦੀ ਕਹਾਣੀ ਬਹੁਤ ਹੀ ਦਰਦਨਾਕ ਹੈ। ਇਹ ਮੈਂ ਉਨ੍ਹਾਂ ਦੇ ਮੂੰਹੋਂ ਸੁਣਾਉਣਾ ਚਾਹਾਂਗਾ। ਮੈਂ ਇੱਕ ਸਿੱਖ ਕੁੜੀ ਨਾਲ ਵਿਆਹ ਕੀਤਾ। ਉਹ ਚੜ੍ਹਦੇ ਪੰਜਾਬ ਵਾਲੇ ਪਾਸੇ ਇੱਕ ਨਿੱਕੇ ਜਿਹੇ ਸਟੇਸ਼ਨ ਉੱਤੇ ਮਿਲੀ ਸੀ। ਲਵਾਰਸ ਸੀ। (ਉਦੋਂ ਪੰਜਾਬ ਇਕੱਠਾ ਸੀ) ਮੈਂ ਵੀ ਲਵਾਰਸ ਜਿਹਾ ਸਾਂ। ਅੱਗਾ ਪਿੱਛਾ ਉਸਦਾ ਕੋਈ ਨਹੀਂ ਸੀ। ਉਸ ਦੀਆਂ ਅੱਖਾਂ ਵਿੱਚ ਇੱਕ ਨੂਰ ਦੀ ਝਲਕ ਪਈ। ਮੁਸ਼ਾਇਰੇ ਵਿੱਚ ਮੇਰੇ ਸ਼ੇਅਰ ਉਸ ਧਿਆਨ ਨਾਲ ਸੁਣੇ ਤੇ ਪਸੰਦ ਕੀਤੇ ਸਨ, ਇਸੇ ਲਈ ਉਸ ਨੇ ਮੇਰੇ ਕੋਲ ਆ ਕੇ ਜਦੋਂ ਮੈਂ ਗੱਡੀ ਦੀ ਉਡੀਕ ਵਿੱਚ ਸਾਂ, ਮੇਰੇ ਸ਼ੇਅਰਾਂ ਦੀ ਤਸ਼ਰੀਹ ਕੀਤੀ। ਮੈਨੂੰ ਉਸ ਦੀ ਇਨਸਾਨ ਦੋਸਤੀ ਤੇ ਖਲੂਸ ਭਾ ਗਏ ਸਨ। ਅਸਾਂ ਅੰਮ੍ਰਿਤਸਰ ਆ ਕੇ ਸ਼ਾਦੀ ਕਰ ਲਈ। ਕੁੱਝ ਦਿਨਾਂ ਮਗਰੋਂ ਅਜੇ ਮੈਂ ਅੰਮ੍ਰਿਤਸਰ ਹੀ ਸਾਂ, ਮੈਨੂੰ ਗ੍ਰਿਫਤਾਰ ਕਰ ਲਿਆ ਗਿਆ। ਮੇਰੀ ਬੀਵੀ ਨੂੰ ਇਸ ਗ੍ਰਿਫਤਾਰੀ ਦਾ ਪਤਾ ਨਹੀਂ ਸੀ ਲੱਗਾ। ਉਹ ਮੇਰੀ ਭਾਲ ਵਿੱਚ ਲਾਹੌਰ ਆ ਗਈ। ਮਹੀਨੇ ਮਗਰੋਂ ਕੈਦ ਦੀ ਰਿਹਾਈ ਮਿਲੀ ਤਾਂ ਮੈਂ ਉਹਨੂੰ ਅੰਮ੍ਰਿਤਸਰ ਭਾਲਦਾ ਰਿਹਾ। ਉਹ ਮੈਨੂੰ ਲਾਹੌਰ ਲੱਭਦੀ ਰਹੀ। ਆਖਰ ਡੇਢ ਸਾਲ ਮਗਰੋਂ ਮੈਨੂੰ ਰੇਲਵੇ ਸਟੇਸ਼ਨ ਤੇ ਮਿਲੀ। ਉਸਦੇ ਕੁੱਛੜ ਮੁੰਡਾ ਸੀ ਚਾਰ ਪੰਜ ਮਹੀਨੇ ਦਾ। ਉਹ ਦਿਨ-ਰਾਤ ਉੱਥੇ ਸਟੇਸ਼ਨ ਤੇ ਹੀ ਰਹਿੰਦੀ ਸੀ। ਉਹ ਸਮਝਦੀ ਸੀ ਕਿ ਲਾਹੌਰ ਆਉਣ ਲਈ ਮੈਂ ਇੱਥੇ ਸਟੇਸ਼ਨ ਤੋਂ ਹੀ ਗੱਡੀ ਉੱਤੋਂ ਲਹਿਣਾ ਸੀ। ਇੰਝ ਉਹ ਡੇਢ ਸਾਲ ਤੀਕਰ ਹਰ ਆਉਣ ਜਾਣ ਵਾਲੀ ਗੱਡੀ ਦੇ ਮੁਸਾਫਰਾਂ ਨੂੰ ਵੇਖਦੀ ਰਹੀ ਸੀ। ਮੁੰਡਾ ਫਿੰਮਣੀਆਂ ਫੋੜਿਆਂ ਨਾਲ ਭਰਿਆ ਪਿਆ ਸੀ। ਮਾਤਾ (ਚੇਚਕ) ਨਿਕਲੀ ਹੋਈ ਸੀ। ਫਿੰਮਣੀਆਂ ਵਿੱਚੋਂ ਪਾਕ ਵੱਗ ਰਹੀ ਸੀ। ਮੁੰਡੇ ਦੀ ਮਾਂ ਸੁੱਕ ਕੇ ਸੰਗਲੀ ਹੋ ਗਈ ਸੀ ਤੇ ਮਰਨ ਦੇ ਨੇੜੇ ਸੀ। ਮੈਂ ਦੋਵਾਂ ਮਾਂ-ਪੁੱਤਰਾਂ ਨੂੰ ਹਸਪਤਾਲ ਲੈ ਗਿਆ। ਪਰ ਕਹਾਣੀ ਤਾਂ ਮੁੱਕਣ ਦੇ ਨੇੜੇ ਸੀ। ਦੋਵੇਂ ਮਾਂ ਪੁੱਤਰ ਅੱਗੜ-ਪਿੱਛੜ ਇਹ ਜੱਗ ਛੱਡ ਗਏ।

ਸ਼ਾਇਦ ਇਸ ਕੁੜੀ ਦੇ ਵੈਰਾਗ ਦਾ ਕਾਰਨ ਸੀ ਜਾਂ ਸਿੱਖਾਂ ਦੇ ਧਾਰਮਿਕ ਅਵਸਰਾਂ ਉੱਤੇ ਆਪਣੀ ਕਵਿਤਾ ਪੜ੍ਹਨ ਸਦਕਾ, ਸਹਿਜੇ ਸਹਿਜੇ ਉਨ੍ਹਾਂ ਦਾ ਗੁਰਬਾਣੀ ਲਈ ਪਿਆਰ ਜਾਗ ਪਿਆ ਸੀ। ਉਸਤਾਦ ਦਾਮਨ ਜਦੋਂ ਉਦਾਸ ਹੁੰਦੇ ਤਾਂ ਕਈ ਵਾਰ ਅੰਮ੍ਰਿਤਸਰ ਦਾ ਰੇਡੀਓ ਸਟੇਸ਼ਨ ਚਲਾ ਲੈਂਦੇ ਤੇ ਗੁਰਬਾਣੀ ਸੁਣਿਆ ਕਰਦੇ। ਦੇਸ਼ ਦੀ ਵੰਡ ਪਿੱਛੋਂ ਹਮਦਮ ਤੇ ਦਾਮਨ ਲਾਹੌਰ ਹੀ ਟਿਕੇ ਰਹੇ ਸਨ। ਦੋਵਾਂ ਦੀ ਹਾਲਤ ਖਸਤਾ ਸੀ, ਪਰ ਹਮਦਮ ਤਾਂ ਆਪਣਾ ਮਾਨਸਿਕ ਸੰਤੁਲਨ ਵੀ ਗਵਾ ਬੈਠੇ ਸਨ। ਦਾਮਨ ਆਪਣੇ ਉਸਤਾਦ ਦੀ ਹਾਲਤ ਵੇਖ ਕੇ ਡਾਹਢਾ ਦੁੱਖੀ ਹੁੰਦੇ ਸਨ। ਉਹ ਹਮਦਮ ਜਿਸ ਤੋਂ ਲੋਕ ਜ਼ਿੰਦਗੀ ਦਾ ਸਲੀਕਾ ਤੇ ਜੀਵਨ-ਜਾਂਚ ਸਿੱਖਿਆ ਕਰਦੇ ਸਨ, ਜਿਸ ਦੇ ਡੇਰੇ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੀ ਭੀੜ ਲੱਗੀ ਰਹਿੰਦੀ ਸੀ, ਘਰੋਂ ਬਾਹਰ ਪੈਰ ਧਰਦਾ ਤਾਂ ਕਦਮ ਕਦਮ ਉੱਤੇ ਸਲਾਮ-ਆਲੇਕਮ, ਸਤਿ ਸ੍ਰੀ ਅਕਾਲ ਤੇ ਰਾਮ ਰਾਮ ਦੀਆਂ ਆਵਾਜ਼ਾਂ ਕੰਨੀ ਪੈਂਦੀਆਂ ਸਨ। ਹੁਣ ਉਸਦੇ ਲਈ ਮੌਤ ਵਰਗੀ ਚੁੱਪ ਵਰਤ ਰਹੀ ਸੀ, ਪੂਰੀ ਸਜ-ਧਜ ਨਾਲ ਰਹਿਣ ਵਾਲੇ ਹਮਦਮ ਦਾ ਮੰਦਾ ਹਾਲ ਸੀ, ਰੋਟੀ ਲਈ ਵੀ ਮੁਹਤਾਜ ਸੀ, ਦਰ-ਬਦਰ ਦੀਆਂ ਠੋਕਰਾਂ ਉਸ ਦਾ ਨਸੀਬਾ ਸਨ।

ਉਸਤਾਦ ਦਾਮਨ ਨੇ ਆਪਣੇ ਉਸਤਾਦ ਨੂੰ ਥਾਂ-ਥਾਂ ਲੱਭਿਆ ਤੇ ਜਦੋਂ ਮਿਲ ਗਏ ਤਾਂ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਤੇ ਸੇਵਾ ਕੀਤੀ। 1954 ਵਿੱਚ ਜਦੋਂ ਬਹੁਤ ਬੀਮਾਰ ਹੋ ਗਏ। ਬੋਲ ਵੀ ਨਹੀਂ ਸਨ ਸਕਦੇ, ਤਾਂ ਦਾਮਨ ਸਾਹਿਬ ਉਨ੍ਹਾਂ ਨੂੰ ਮਿਊ ਹਸਪਤਾਲ ਲੈ ਗਏ। ਉਸਤਾਦ ਦੇ ਇਸ਼ਾਰੇ ਉੱਤੇ ਦਾਮਨ ਉਨ੍ਹਾਂ ਨੂੰ ਘਰ ਲਿਆ ਰਹੇ ਸਨ ਕਿ ਰਾਹ ਵਿੱਚ ਹੀ ਸਾਂਝੇ ਪੰਜਾਬ ਦੇ ਇਸ ਉੱਘੇ ਸ਼ਾਇਰ ਨ ਆਪਣੇ ਸ਼ਗਿਰਦ ਦੀ ਪਿਆਰ ਤੇ ਸਤਿਕਾਰ ਨਾਲ ਭਰੀ ਗੋਦ ਵਿੱਚ ਆਖਰੀ ਸਾਹ ਲੀਤੇ ਤੇ ਚੱਲਦੇ ਬਣੇ।

ਉਸਤਾਦ ਦੀ ਮੌਤ ਨੇ ਦਾਮਨ ਨੂੰ ਇੱਕ ਤਰ੍ਹਾਂ ਨਾਲ ਤੋੜ ਹੀ ਸੁੱਟਿਆ। ਮਾਂ ਪੂਰੀ ਹੋਈ ਤਾਂ ਦਾਮਨ ਕੋਲ ਨਹੀਂ ਸੀ, ਇਸ ਦਾ ਵੀ ਉਸਨੂੰ ਦੁੱਖ ਸੀ। ਅਲਾਉਲਦੀਨ ਨੂੰ ਪੁੱਤਰ ਵਾਂਗ ਪਾਲਿਆ ਤੇ ਪ੍ਰਵਾਨ ਚੜ੍ਹਾਇਆ ਸੀ, ਉਹ ਵੀ ਰੱਬ ਨੂੰ ਪਿਆਰਾ ਹੋ ਗਿਆ। ਉਸ ਦੀ ਮੌਤ ਨੇ ਉਸਤਾਦ ਦਾਮਨ ਦਾ ਲੱਕ ਹੀ ਤੋੜ ਦਿੱਤਾ। ਉਨ੍ਹਾਂ ਦੀ ਸਿਹਤ ਦਿਨੋਂ-ਦਿਨ ਡਿੱਗਦੀ ਗਈ। ਅੰਤ ਮਿਊ ਹਸਪਤਾਲ ਵਿੱਚ ਸੱਜਣਾਂ-ਮਿੱਤਰਾਂ ਭਰਤੀ ਕਰਵਾ ਦਿੱਤਾ। ਬੀਮਾਰੀ ਕਾਬੂ ਵਿੱਚ ਨਹੀਂ ਸੀ ਆ ਰਹੀ। ਡਾਕਟਰ ਆਪਣਾ ਵੱਸ ਲਾ ਰਹੇ ਸਨ, ਪਰ ਸਿਹਤ ਨਿਘਰਦੀ ਹੀ ਚੱਲੀ ਗਈ। ਇੱਕ ਦਿਨ ਅਚਾਨਕ ਖਬਰ ਆਈ ਕਿ ਫੈਜ਼ ਮੁਹੰਮਦ ਫੈਜ ਚਲਾਣਾ ਕਰ ਗਏ ਹਨ। ਫੈਜ ਦਾਮਨ ਦਾ ਗੂੜ੍ਹਾ ਮਿੱਤਰ ਸੀ। ਖਬਰ ਸੁਣਦਿਆਂ ਹੀ ਦਾਮਨ ਤੜਫ ਉਠਿਆ। ਡਾਕਟਰ ਨੇ ਟੂਟੀਆਂ ਲਾਈਆਂ ਹੋਈਆਂ ਸਨ, ਉਹ ਸਾਰੀਆਂਲਾਹ ਦਿੱਤੀਆਂ।

ਡਾਕਟਰ ਰੋਕਦੇ ਰਹੇ, ਪਰ ਦਾਮਨ ਨੇ ਕਿਸੇ ਦੀ ਨਾ ਸੁਣੀ। ਉਹ ਮੇਰਾ ਯਾਰ ਸੀ, ਮੈਂ ਜ਼ਰੂਰ ਜਾਣਾ ਏਂ। ਆਖਦਿਆਂ ਧੱਕੋ-ਧੱਕੀ ਫੈਜ ਸਾਹਿਬ ਦੇ ਜਨਾਜ਼ੇ ਵਿੱਚ ਸ਼ਾਮਲ ਹੋਣ ਲਈ ਚੱਲੇ ਗਏ। ਉੱਥੇ ਰੂਸੀ ਸਫੀਰ ਵੀ ਮੌਜੂਦ ਸੀ। ਉਸ ਦੇ ਨਾਲ ਰੂਸੀ ਵਿੱਚ ਸਲਾਮ-ਦੁਆ ਹੋਈ। ਰੂਸੀ ਸਫੀਰ ਨੇਫੈਜ ਸਾਹਿਬ ਦਾ ਅਫਸੋਸ ਕਰਦਿਆਂ ਦਾਮਨ ਸਾਹਿਬ ਨੂੰ ਕਿਹਾ ਕਿ ਧਰਤੀ ਦੇ ਅਜ਼ੀਮ ਲੋਕੋ ਤੁਹਾਡੇ ਇਕ ਸਾਤੀ ਦੇ ਵਿਛੜਨ ਦਾ ਰੂਸ ਨੂੰ ਬਹੁਤ ਅਫਸੋਸ ਹੈ। ਦਾਮਨ ਸਾਹਿਬ ਰੋਂਦੇ-ਰੋਂਦੇ ਮੁੜੇ। ਹਾਲਤ ਵਧੇਰੇ ਵਿਗੜ ਗਈ, ਗਸ਼ੀ ਜੇ ਦੌਰੇ ਪੈਣ ਲੱਗੇ। ਡਾਕਟਰ ਬੇਵੱਸ ਸਨ। ਥੋੜ੍ਹੇ ਹੀ ਦਿਨਾਂ ਪਿੱਛੋਂ 3 ਦਸੰਬਰ 1954 ਨੂੰ ਪੰਜਾਬੀ ਦਾ ਅਲਮੇਲਾ

ਮਹਾਨ ਗਾਇਕ-ਮੁਹੰਮਦ ਰਫੀ

ਸਫਾ I ਦੀ ਬਾਕੀ

ਸੋ ਤਨ ਜਾਣ ਮਸਾਨ।

7. ਲੂਣਾ-ਇਹ ਪੁਸਤਕ 1965 ਵਿੱਚ ਛਪੀ ਸੀ। ਇਸ ਪੁਸਤਕ ਵਿੱਚ ਸ਼ਿਵ ਕੁਮਾਰ ਦੀ ਲੂਣਾ ਨਵੇਂ ਰੂਪ ਵਿੱਚ ਪੇਸ਼ ਹੋਈ ਹੈ, ਜੋ ਵੀਹਵੀਂ ਸਦੀ ਦੀ ਕੁੜੀ ਹੈ। ਸ਼ਿਵ ਕੁਮਾਰ ਨੇ ਉਸ ਦੀ ਤ੍ਰਾਸਦੀ ਅਤੇ ਮਾਨਸਿਕਤਾ ਨੂੰ ਬੜੀ ਮਾਰਮਿਕ ਸ਼ਬਦਾਵਲੀ ਅਤੇ ਆਤਮਕ ਪ੍ਰਤੀਕਾਂ ਨਾਲ ਪੇਸ਼ ਕੀਤਾ ਹੈ-

ਮੈਂ ਅੱਗ ਟੁਰੀ ਪਰਦੇਸ
ਨੀ ਸਈਓ
ਇੱਕ ਛਾਤੀ ਮੇਰਾ ਹਾੜ ਤਪੇਂਦਾ
ਦੂਜੀ ਤਪਦਾ ਜੇਠ
ਨੀ ਮੈਂ ਅੱਗ ਟੁਰੀ ਪ੍ਰਦੇਸ਼
ਅੱਗ ਦੀ ਉਮਰੇ
ਹਰ ਅੱਗ ਟੁਰਦੀ
ਜਾਂ ਬਹਿੰਦੀ ਪ੍ਰਦੇਸ

8. ਮੈਂ ਤੇ ਮੈਂ ਇਹ ਕਾਵਿ-ਸੰਗ੍ਰਹਿ 1970 ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਸ ਪੁਸਤਕ ਦੀਆਂ ਰਚਨਾਵਾਂ ਵਿੱਚ ਸ਼ਿਵ ਕੁਮਾਰ ਚਿਹਰਿਆਂ ਤੋਂ ਚਿਹਰਿਆਂ ਤੱਕ ਸਫਰ ਕਰਦਿਆਂ ਉਸ ਨੂੰ ਕਿਸੇ ਵਿੱਚ ਵਫਾ ਦੇ ਚਿੰਨ ਵਿਖਾਈ ਨਹੀਂ ਦਿੰਦੇ, ਸਗੋਂ ਇੱਕ ਕਾਮ ਰੂਪੀ ਸੱਪਣੀ ਫੁੰਕਾਰੇ ਮਾਰਦੀ ਨਜ਼ਰੀਂ ਆਉਂਦੀ ਹੈ-

ਮੇਰੇ ਹਿੱਸੇ ਦੀ ਮੈਂ
ਹੁਣ ਨਿੱਤ ਸ਼ਰਾਬੀ ਹੋ ਕੇ ਆਉਂਦੀ ਹੈ
ਮੇਰੇ ਹਿੱਸੇ ਦੀ ਮੈਂ
ਹੁਣ ਪਿੰਡ ਵਿੱਚ ਬਦਨਾਮ ਹੁੰਦੀ ਹੈ
ਤੇ ਮੇਰੀ ਸੁਪਨਿਆਂ ਦੇ ਘਰ
ਸਵੇਰੇ ਸ਼ਾਮ ਹੁੰਦੀ ਹੈ

9.ਆਰਤੀ-ਇਹ ਕਾਵਿ ਸੰਗ੍ਰਹਿ ਨੂੰ 1971 ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਸ ਪੁਸਤਕ ਵਿੱਚ 28 ਕਵਿਤਾਵਾਂ, ਤਿੰਨ ਗੀਤ ਅਤੇ ਅੱਠ ਗਜ਼ਲਾਂ ਹਨ। ਇਸ ਪੁਸਤਕ ਦੇ ਗੀਤਾਂ ਵਿੱਚ ਉਸ ਦੀ ਹੂਕ ਪੰਚਮ ਸੁਰ ਤੇ ਹਵਾਵਾਂ ਵਿੱਚ ਘੁਲਦੀ ਰਹੀ ਜਿਵੇਂ-

ਸਾਨੂੰ ਲੱਖਾਂ ਦਾ ਤਨ ਲਭ ਗਿਆ
ਪਰ ਇੱਕ ਦਾ ਮਨ ਵੀ ਨਾ ਮਿਲਿਆ
ਕੀ ਲਿਖਿਆ ਕਿਸੇ ਮੁਕੱਦਰ ਸੀ
ਹੱਥਾਂ ਦੀਆਂ ਚਾਰ ਲਕੀਰਾਂ ਦਾ

10. ਅਲਵਿਦਾ-ਬਿਰਹੜਾ ਸੋਗ ਅਤੇ ਅਲਵਿਦਾ ਸ਼ਿਵ ਕੁਮਾਰ ਦੀ ਸੁਪਤਨੀ ਅਰੁਣਾ ਨੇ ਪ੍ਰਕਾਸ਼ਿਤ ਕਰਵਾਈਆਂ ਸਨ। ਅਲਵਿਦਾ ਪੁਸਤਕ ਵਿੱਚ ਕੁੱਝ ਕਵਿਤਾਵਾਂ ਪਹਿਲਾਂ ਦੀਆਂ ਹਨ। ਜਿਵੇਂ-

ਅਸਾਂ ਤਾਂ ਜੋਬਨ ਰੁੱਤੇ ਮਰਨਾ,
ਮੁੜ ਜਾਣਾ ਅਸਾਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪ੍ਰਕਰਮਾ

ਪੁਸਤਕ ਦੇ ਦੂਜੇ ਭਾਗ ਵਿੱਚ ਇੱਕ ਗਜ਼ਲ ਅਤੇ ਦਸ ਦੇ ਕਰੀਬ ਗੀਤ ਹਨ-

ਇਹ ਕਹਿਣ ਵਿੱਚ ਕੋਈ ਅੱਤਕਥਨੀ ਨਹੀਂ ਹੋਵੇਗੀ ਕਿ ਭਾਰਤ ਦਾ ਅਜਿਹਾ ਕੋਈ ਸੰਗੀਤਕਾਰ ਨਹੀਂ, ਜਿਹੜਾ ਮੁਹੰਮਦ ਰਫੀ ਦੀ ਆਵਾਜ਼ ਤੋਂ ਪ੍ਰਭਾਵਿਤ ਨਾ ਹੋਇਆ ਹੋਵੇ। ਅਜਿਹਾ ਸਿਆਣਾ ਤੇ ਸੁਰੀਲਾ ਗਾਇਕ ਵਿਸ਼ਵ ਵਿੱਚ ਸਦੀਆਂ ਮਗਰੋਂ ਹੀ ਪੈਦਾ ਹੁੰਦਾ ਹੈ। ਆਪ ਦੀ ਸੰਗੀਤ ਸੇਵਾ ਨੂੰ ਮੁੱਖ ਰੱਖਦਿਆਂ, ਆਪ ਨੂੰ ਭਾਰਤ ਸਰਕਾਰ ਨੇ 1968 ਈ. ਵਿੱਚ ਪਦਮ ਸ੍ਰੀ ਦੀ ਉਪਾਧੀ ਨਾਲ ਸਨਮਾਨਤ ਕੀਤਾ ਸੀ।

ਮੁਹੰਮਦ ਰਫੀ 31 ਜੁਲਾਈ, 1980 ਨੂੰ ਵਿਸ਼ਵ ਨੂੰ ਅਲਵਿਦਾ ਕਹਿ ਕੇ ਸਦਾ ਦੀ ਨੀਂਦ ਸੌਂ ਗਏ। ਭਾਵੇਂ ਆਪ ਅਜੇ ਸਾਡੇ ਵਿੱਚ ਨਹੀਂ ਹਨ, ਪਰ ਟੀ.ਵੀ.ਰੇਡੀਓ, ਫਿਲਮਾਂ ਰਾਹੀਂ ਆਪ ਦੀ ਹਰ ਪਲ ਯਾਦ ਤਾਜ਼ਾ ਹੈ ਅਤੇ ਆਪ ਦੀ ਸੰਗੀਤ ਭਰੀ ਤੇ ਸੁਰੀਲੀ ਆਵਾਜ਼ ਨੇ ਆਪ ਨੂੰ ਅਮਰ ਕਰ ਦਿੱਤਾ ਹੈ।

ਪਾਣੀ ਬਗੈਰ ਵਾਤਾਵਰਨ ਸੰਭਾਲ ਅਸੰਭਵ

ਸਫਾ I ਦੀ ਬਾਕੀ

ਬਦਲੇ ਵਿੱਚ ਕੁੱਲ 3 ਫੀਸਦੀ ਹੀ ਆਮਦਨ ਹੁੰਦੀ ਹੈ। ਜ਼ਮੀਨ ਅੰਦਰੋਂ ਲਗਾਤਾਰ ਪਾਣੀ ਕੱਢਣ ਨਾਲ ਦੇਸ਼ ਦੇ 16000 ਬਲਾਕਾਂ ਦਾ ਪਾਣੀ ਲੱਗਭੱਗ ਖਤਮ ਹੀ ਹੋ ਚੁੱਕਿਆ ਹੈ, ਜਦੋਂਕਿ ਦੇਸ਼ ਅੰਦਰ 57230 ਬਲਾਕ ਹਨ। ਦੇਸ਼ ਦਾ 15 ਫੀਸਦੀ ਪਾਣੀ ਕਾਫੀ ਖਤਰਨਾਕ ਹਾਲਤ ਵਿੱਚ ਪਹੁੰਚ ਚੁੱਕਿਆ ਹੈ। ਆਉਣ ਵਾਲੇ 50 ਸਾਲਾਂ ਵਿੱਚ ਇਹ ਹਾਲਤ ਵੱਧ ਕੇ 60 ਫੀਸਦੀ ਹੋ ਜਾਵੇਗੀ। ਪਾਣੀ ਕਾਨੂੰਨਾਂ ਅਤੇ ਨਿਯਮਾਂ ਨਾਲ ਰਿਸ਼ਤਾ ਰੱਖਣ ਵਾਲੇ ਮਾਹਿਰਾਂ ਦਾ ਕਹਿਣਾ ਹੈ ਕਿ 200 ਮੀਟਰ ਤੋਂ ਜ਼ਿਆਦਾ ਡੂੰਘਾਈ ਤੋਂ ਪਾਣੀ ਬਾਹਰ ਕੱਢਣਾ ਬਿਲਕੁਲ ਖਤਰਨਾਕ ਹੈ। ਇਸ ਨਾਲ ਜ਼ਮੀਨੀ ਪਾਣੀ ਦਾ ਸੰਤੁਲਨ ਬਿਲਕੁਲ ਵਿਗੜ ਜਾਵੇਗਾ ਅਤੇ ਆਰਥਿਕ ਪੱਖੋਂ ਵੀ ਇਹ ਸਭ ਕੁੱਝ ਖਤਰਨਾਕ ਹੈ। ਇਸ ਵਿੱਚ ਆਮ ਜਨਤਾ ਅਤੇ ਸਰਕਾਰ ਦਾ ਬਹੁਤ ਜ਼ਿਆਦਾ ਖਰਚ ਆਉਂਦਾ ਹੈ। ਸਾਲ 2005 ਵਿੱਚ ਸੰਸਾਰ ਦੀ ਕੁੱਲ ਅਬਾਦੀ 650 ਕਰੋੜ ਨੂੰ ਪਾਰ ਕਰ ਚੁੱਕੀ ਹੈ ਅਤੇ ਸਾਲ 2050 ਵਿੱਚ ਇਹ 1000 ਕਰੋੜ ਨੂੰ ਵੀ ਪਾਰ ਕਰ ਜਾਵੇਗੀ, ਜਿਸ ਨਾਲ ਪਾਣੀ ਦਾ ਅਨੁਪਾਤ ਪ੍ਰਤੀ ਵਿਅਕਤੀ ਬਹੁਤ ਜ਼ਿਆਦਾ ਘੱਟ ਜਾਵੇਗਾ, ਜੋ ਸਾਲ 1950 ਵਿੱਚ ਮਿਲਦਾ ਸੀ, ਉਹ ਸਾਲ 2050 ਵਿੱਚ ਘੱਟ ਕੇ ਪੰਜਵਾਂ ਹਿੱਸਾ ਹੀ ਰਹਿ ਜਾਵੇਗਾ, ਪਰ ਸਾਲ 2050 ਤੱਕ ਭੋਜਨ ਪਦਾਰਥਾਂ ਦੀ ਜ਼ਰੂਰਤ ਦੁੱਗਣੀ ਨੂੰ ਵੀ ਪਾਰ ਕਰ ਜਾਵੇਗੀ। ਇਹ ਸਭ ਕੁੱਝ ਕਿਵੇਂ ਸੰਭਵ ਹੋ ਸਕੇਗਾ। ਕੁੱਲ ਸੰਸਾਰ ਅੰਦਰ ਸ਼ਹਿਰੀਕਰਣ ਦੀ ਰਫਤਾਰ ਤੇਜ਼ੀ ਨਾਲ ਵੱਧ ਰਹੀ ਹੈ। ਇਸ ਲਈ ਸ਼ਹਿਰੀ ਖੇਤਰ ਵਿੱਚ ਪਾਣੀ ਦੀ ਸਪਲਾਈ ਲਗਾਤਾਰ ਵੱਧਦੀ ਜਾਂਦੀ ਹੈ। ਪੇਂਡੂ-ਸ਼ਹਿਰੀ ਪਾਣੀ ਦਾ ਸਮੀਕਰਣ ਲਗਾਤਾਰ ਵਿਗੜਦਾ ਜਾ ਰਿਹਾ ਹੈ। ਦੇਸ਼ ਲਈ ਇਹ ਇੱਕ ਖਤਰਨਾਕ ਸਮੱਸਿਆ ਬਣ ਚੁੱਕੀ ਹੈ। ਸ਼ਹਿਰਾਂ ਦੇ ਗੰਦੇ ਫਾਲਤੂ ਪਾਣੀ ਦੀ ਸੰਭਾਲ ਵੀ ਖਤਰਨਾਕ ਸਮੱਸਿਆ ਬਣ ਚੁੱਕੀ ਹੈ।

ਸਾਲ 2008 ਤੋਂ ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ, ਜਿਸ ਦਾ ਸਿੱਧਾ ਅਸਰ ਗਰੀਬ ਜਨਤਾ ਉੱਤੇ ਹੀ ਹੈ। ਇਸ ਤੋਂ ਇਲਾਵਾ ਕੁਦਰਤੀ ਵਾਤਾਵਰਣ ਅਤੇ ਹਰ ਸਮੇਂ ਬਦਲਦੇ ਮੌਸਮ ਵੱਲੋਂ ਵੀ ਖਤਰਨਾਕ ਖੇਡ ਖੇਡਦੇ ਗਏ ਹਨ। ਇਸ ਕਰਕੇ ਪਾਣੀ ਦੀ ਕਿੱਲਤ ਹੁੰਦੀ ਜਾ ਰਹੀ ਹੈ। ਅਨਾਜ ਪਦਾਰਥਾਂ ਦਾ ਘੱਟਣਾ ਅਤੇ ਉਨ੍ਹਾਂ ਦੀਆਂ ਕੀਮਤਾਂ ਦਾ ਵਧਣਾ ਲਾਜ਼ਮੀ ਹੋ ਚੁੱਕਿਆ ਹੈ। ਇਸ ਢੰਗ ਨਾਲ ਆਮ ਜਨਤਾ ਦੀ ਆਮਦਨ ਵੱਧਦੀ ਹੈ। ਉਨ੍ਹਾਂ ਦੀਆਂ ਭੋਜਨ ਖਾਣ ਦੀਆਂ ਆਦਤਾਂ ਵੀ ਬਦਲਦੀਆਂ ਹਨ। ਉਹ ਆਪਣੇ ਭੋਜਨ ਨੂੰ ਸਮੇਂ ਅਨੁਸਾਰ ਇਸਤੇਮਾਲ ਕਰਦੇ ਹਨ। ਪਿਛਲੇ 20 ਸਾਲਾਂ ਵਿੱਚ ਏਸ਼ੀਅਨ ਦੇਸ਼ਾਂ ਦੀ ਆਮਦਨ ਲਗਾਤਾਰ ਵੱਧੀ ਹੈ, ਜਿਸ ਦਾ ਅਸਰ ਇਹ ਹੈ ਕਿ ਉਹ ਅਨਾਜ ਘੱਟ ਅਤੇ ਮੀਟ ਪਦਾਰਥ ਜ਼ਿਆਦਾ ਖਾਣ ਲੱਗੇ ਹਨ। ਪਿਛਲੇ 20 ਸਾਲਾਂ ਵਿੱਚ ਮੀਟ ਦੀ ਖਪਤ 3 ਗੁਣਾਂ ਵਧੀ ਹੈ, ਜਦੋਂਕਿ ਪਾਣੀ ਦੀ ਖਪਤ 10 ਗੁਣਾਂ ਵੱਧ ਚੁੱਕੀ ਹੈ। ਸ਼ਹਿਰੀਕਰਨ ਦੀ ਪ੍ਰਤੀਕਿਰਿਆ ਨਾਲ ਆਮ ਜਨਤਾ ਦੀ ਆਮਦਨ ਵਿੱਚ ਵਾਧਾ ਆਇਆ ਹੈ। ਜਿਸ ਨਾਲ ਮਿਡਲ ਔਸਤਨ ਅਤੇ ਘੱਟ ਮਿਡਲ ਸ਼੍ਰੇਣੀਆਂ ਦੇ ਲੋਕਾਂ ਦੀਆਂ ਖਾਣ ਆਦਤਾਂ ਅੰਦਰ ਬਦਲਾਵ ਆਇਆ ਅਤੇ ਸ਼ਹਿਰਾਂ ਅੰਦਰ 25 ਫੀਸਦੀ ਵਧੀਆ ਭੋਜਨ ਅਤੇ ਹੋਰ ਖਾਣ ਪਦਾਰਥਾਂ ਦੀ ਮੰਗ ਵੱਧੀ। ਬੇਸ਼ੱਕ ਉਨ੍ਹਾਂ ਇਲਾਕਿਆਂ ਅੰਦਰ ਅਬਾਦੀ ਵਿੱਚ ਕੁੱਝ ਜ਼ਿਆਦਾ ਫਰਕ ਨਹੀਂ ਆਇਆ। ਭਵਿੱਖ ਵਿੱਚ ਭੋਜਨ/ਅਨਾਜ ਪਦਾਰਥਾਂ ਦੀ ਮੰਗ ਤਾਂ ਵਧੇਗੀ, ਪਰ ਉਸਦੇ ਨਾਲ ਹੀ ਇਨ੍ਹਾਂ ਚੀਜ਼ਾਂ ਨੂੰ ਪੈਦਾ ਕਰਨ ਲਈ ਪਾਣੀ ਦੀ ਵੀ ਲਗਾਤਾਰ ਮੰਗ ਵਧੇਗੀ। ਅਗਲੇ 50 ਸਾਲਾਂ ਵਿੱਚ ਅਨਾਜ, ਖੰਡ, ਤੇਲ, ਅਤੇ ਮੀਟ ਪਦਾਰਥਾਂ ਦੀ ਮੰਗ ਦੁੱਗਣੀ ਹੋ ਜਾਵੇਗੀ, ਜਦੋਂਕਿ ਪਾਣੀ ਦੀ ਸਪਲਾਈ ਘੱਟ ਕੇ ਕੇਵਲ ਤੀਜਾ ਹਿੱਸਾ ਹੀ ਬਚੇਗੀ।

ਵਿਕਾਸ ਕਰ ਰਹੇ ਦੇਸ਼ਾਂ ਅੰਦਰ ਸਨਅਤਾਂ ਲਈ ਪਾਣੀ ਦੀ ਮੰਗ ਬਹੁਤ ਜ਼ਿਆਦਾ ਵਧੀ ਹੈ, ਪਰ ਇਸ ਨਾਲ ਗੰਦੇ ਪਾਣੀ ਅਤੇ ਗੰਦੇ ਵਾਤਾਵਰਣ ਵਿੱਚ ਵੀ ਕਈ ਗੁਣਾਂ ਵਾਧਾ ਹੋਇਆ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਰਫਤਾਰ ਵੱਧਦੀ ਹੀ ਜਾਵੇਗੀ। ਕੁੱਲ ਸੰਸਾਰ ਵਿੱਚ ਗੰਦੇ ਪਾਣੀ ਦੇ ਇਕੱਠ, ਹਸਪਤਾਲ ਅਤੇ ਸਨਅਤਾਂ ਦਾ ਰਸਾਇਣਕ ਪਾਣੀ, ਤੇਜ਼ਾਬੀ, ਪਦਾਰਥ ਤਿਆਰ ਕਰਨ ਵਾਲਾ ਬੱਚਦਾ ਪਾਣੀ ਅਤੇ ਸੀਵਰੇਜ਼ ਦਾ ਪਾਣੀ ਸ਼ਾਮਲ ਹੈ। ਇਸ ਕਿਸਮ ਦੇ ਪਾਣੀ ਨੂੰ ਸੰਭਾਲਣ ਲਈ ਲੰਬੇ ਚੌੜੇ ਪ੍ਰਬੰਧਕੀ ਢਾਂਚੇ ਅਤੇ ਵੱਡੀ ਧੰਨ ਰਾਸ਼ੀ ਦੀ ਲੋੜ ਹੈ।

ਕੌਮਾਂਤਰੀ ਪਾਣੀ ਵਿਕਾਸ ਬੋਰਡ ਦੀ ਤੀਸਰੀ ਰਿਪੋਰਟ ਅਨੁਸਾਰ ਕੁੱਲ ਸੰਸਾਰ ਅੰਦਰ 66 ਕਰੋੜ ਲੋਕਾਂ ਨੂੰ ਪੀਣ ਵਾਲਾ ਪਾਣੀ ਨਸੀਬ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਦੀ ਰੋਜ਼ਾਨਾ ਆਮਦਨ ਕੇਵਲ 2 ਡਾਲਰ ਹੀ ਹੈ। ਇਸ ਤੋਂ ਇਲਾਵਾ 38 ਕਰੋੜ ਐਸੀ ਜਨਤਾ ਹੈ, ਜਿਸਦੀ ਆਮਦਨ 1 ਡਾਲਰ ਤੋਂ ਵੀ ਘੱਟ ਹੈ। ਪਾਣੀ ਦੀ ਸਮੱਸਿਆ ਵਿੱਚ ਕੁੱਝ ਰਾਹਤ ਦੇਣ ਲਈ ਇੱਕ ਅਰਬ ਕਰੋੜ ਡਾਲਰ ਦੀ ਲੋੜ ਹੈ। ਸਾਰਿਆਂ ਨੂੰ ਹੀ ਸਾਫ ਪਾਣੀ ਦੇਣ ਲਈ ਅੱਜ 6 ਅਰਬ ਕਰੋੜ ਡਾਲਰ ਦੀ ਲੋੜ ਹੈ। ਭੁੱਖਮਰੀ ਅਤੇ ਘਟੀਆ ਖੁਰਾਕ ਨੇ ਕੁੱਲ ਸੰਸਾਰ ਦੇ 100 ਕਰੋੜ ਲੋਕਾਂ ਉੱਤੇ ਆਪਣਾ ਅਸਰ ਛੱਡਿਆ ਹੈ।

ਸਵੀਡਨ ਦੇਸ਼ ਦੀ ਸਟਾਕ ਹੋਮ ਕੌਮਾਂਤਰੀ ਪਾਣੀ ਸੰਸਥਾ ਅਨੁਸਾਰ ਆਉਣ ਵਾਲੇ ਵਿੱਚ ਮੌਸਮ ਬਦਲਾਵ ਉੱਤੇ ਸਭ ਤੋਂ ਜ਼ਿਆਦਾ ਅਸਰ ਪਾਣੀ ਦੀ ਘਾਟ ਕਰਕੇ ਹੀ ਪਵੇਗਾ, ਕਿਤੇ ਸੁੱਖਾ, ਕਿਤੇ, ਹੜ੍ਹ, ਕਿਵੇਂ ਘੱਟ ਬਰਫ, ਕਿਤੇ ਸਮੁੰਦਰ ਪੱਧਰ ਵਧੇਗਾ ਅਤੇ ਕਿਤੇ ਘਟੇਗਾ। ਕਿਤੇ ਵੱਧ ਤੋਂ ਵੱਧ ਬਰਖਾ ਕਿਤੇ ਸਮੁੰਦਰ ਦਾ ਲੈਵਲ ਘਟੇਗਾ। ਸਮੁੰਦਰ ਕਿਨਾਰਿਆਂ 'ਤੇ ਰਹਿਣ ਵਾਲੀ ਅਬਾਦੀ ਉੱਤੇ ਸਭ ਤੋਂ ਜ਼ਿਆਦਾ ਅਸਰ ਪਵੇਗਾ। ਇਸ ਲਈ ਇਸ ਅਬਾਦੀ ਨੂੰ ਮੌਜੂਦਾ ਸਮੇਂ ਤੋਂ ਇਨ੍ਹਾਂ ਹਾਲਾਤਾਂ ਲਈ ਢਾਲ ਕੇ ਰੱਖਣਾ ਪਵੇਗਾ। ਸਰਕਾਰਾਂ ਨੂੰ ਵੀ ਕੁੱਝ ਇਸ ਢੰਗ ਦੇ ਵਿਕਾਸ ਕਰਨੇ ਪੈਣਗੇ ਤਾਂ ਕਿ ਉਨ੍ਹਾਂ ਦਾ ਬਚਾਓ ਕੀਤਾ ਜਾ ਸਕੇ। ਈਕੋਸਿਸਟਮ ਦੇ ਕੁੱਝ ਐਸੇ ਯੰਤਰ ਲਗਵਾਏ ਜਾਣ ਤਾਂ ਕਿ ਮੌਸਮੀ ਭਵਿੱਖ ਦਾ ਪਤਾ ਲੱਗ ਸਕੇ ਅਤੇ ਦੁਰਘਟਨਾਵਾਂ ਤੋਂ ਬਚਾਅ ਕੀਤਾ ਜਾਵੇ। ਪ੍ਰਬੰਧਕੀ ਢਾਂਚੇ ਦੇ ਸੁਧਾਰ ਬਹੁਤ ਹੀ ਜ਼ਰੂਰੀ ਹਨ।

ਆਉਣ ਵਾਲੇ ਸਮੇਂ ਵਿੱਚ ਪੀਣ ਵਾਲੇ ਪਾਣੀ ਦਾ ਕੇਵਲ ਇੱਕ ਹੀ ਸੋਮਾ ਬਚੇਗਾ-ਉਹ ਹੈ ਸਮੁੰਦਰ। ਕੇਵਲ ਸਮੁੰਦਰੀ ਪਾਣੀ ਨੂੰ ਸਾਫ ਕਰਕੇ ਹੀ ਘਰੇਲੂ ਜਾਂ ਸਨਅਤੀ ਕੰਮਾਂ ਲਈ ਪਾਣੀ ਤਿਆਰ ਕੀਤਾ ਜਾਵੇ। ਭਾਰਤ ਅਤੇ ਚੀਨ ਦੀ ਅਬਾਦੀ ਦੇਸ਼ ਦੀ ਹਰ ਪੈਦਾਵਾਰ ਨੂੰ ਖਤਮ ਕਰਦਾ ਜਾਂਦਾ ਹੈ। ਇਸ ਲਈ ਅਬਾਦੀ ਸਬੰਧ ਵਿੱਚ ਵੀ ਸੁਧਾਰਾਂ ਦੀ ਅਹਿਮ ਲੋੜ ਹੈ। ਅੱਜ ਵਧੀਆ ਕਿਸਮ ਦੇ ਅਨਾਜ ਦੀ ਪੈਦਾਵਾਰ ਦੀ ਅਹਿਮ ਲੋੜ ਹੈ, ਜੋ ਕੇਵਲ ਵਧੀਆ ਪਾਣੀ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਸੰਸਾਰ ਵਿੱਚ ਖੇਤੀਬਾੜੀ ਵਿੱਚ ਵੱਡੀਆਂ ਪ੍ਰਾਪਤੀਆਂ ਵਧੀਆ ਨਵੀਆਂ ਸਨਅਤਾਂ ਅਤੇ ਤਕਨੀਕਾਂ ਨਾਲ ਹੀ ਕੀਤਾ ਜਾ ਸਕੇਗਾ। ਪਾਣੀ ਦੀ ਸਮੱਸਿਆ ਅੱਜ ਕੁੱਲ ਸੰਸਾਰ ਲਈ ਇੱਕ ਨਵੀਂ ਵੰਗਾਰ ਬਣੀ ਹੈ, ਜੋ ਕੇਵਲ ਨਵੀਂ ਪ੍ਰਬੰਧਕੀ ਢਾਂਚੇ ਨਾਲ ਤਿਆਰ ਕੀਤੀ ਜਾ ਸਕੇਗੀ।

ਅਨੁ-ਨਵੀਨ ਸ਼ਰਮਾ

ਨਵੇਂ ਭਾਅ ਜੀ

ਸਫਾ I ਦੀ ਬਾਕੀ

ਆਪਣੇ ਘਰ ਬੁਲਾਇਆ। ਉਸ ਦੇ ਘਰ ਇੱਕ ਬਜ਼ੁਰਗ ਜ਼ਨਾਨੀ ਵੀ ਸੀ। ਉਸ ਦੀਆਂ ਬੱਚੀਆਂ ਸਕੂਲ ਗਈਆਂ ਹੋਈਆਂ ਸਨ। ਮੈਨੂੰ ਉਸ ਨੇ ਤਰਲੇ ਨਾਲ ਬੇਨਤੀ ਕੀਤੀ ਕਿ ਭਾਜੀ ਮੇਰੀ ਮੱਦਦ ਕਰੋ। ਮੈਨੂੰ ਉਸ ਬਾਰੇ ਪਤਾ ਲੱਗ ਚੁੱਕਾ ਸੀ ਕਿ ਇਸ ਦੇ ਪੇਕੇ ਨਿਹਾਲ ਸਿੰਘ ਵਾਲੇ ਦੇ ਨੇੜੇ ਹਨ। ਮਾਪਿਆਂ ਨੇ ਪਿੰਡ ਵਿੱਚ ਹੀ ਅੱਠ ਜਮਾਤਾਂ ਕਰਵਾ ਕੇ ਅਠ੍ਹਾਰਾਂ-ਉੱਨੀ ਸਾਲ ਦੀ ਉਮਰ ਵਿੱਚ ਉਸ ਦਾ ਵਿਆਹ ਜੈਤੋ ਕਰ ਦਿੱਤਾ। ਥੋੜ੍ਹਾ ਬਹੁਤਾ ਦਾਜ ਵੀ ਦਿੱਤਾ। ਜਦੋਂ ਸਹੁਰੇ ਘਰ ਰਹਿਣ ਲੱਗੀ ਤਾਂ ਪਤਾ ਲੱਗਾ ਕਿ ਘਰਵਾਲਾ ਚੰਗੀ ਮੋਟੀ ਅਫੀਮ ਖਾਣ ਦਾ ਐਬੀ ਸੀ। ਸ਼ਰਾਬ ਤੇ ਹੋਰ ਨਸ਼ੇ ਵੀ ਕਰ ਲੈਂਦਾ ਸੀ। ਮਸਾਂ ਸਾਲ-ਖੰਡ ਹੀ ਲੰਘਿਆ ਕਿ ਉਹ ਮੈਡਮ ਦੇ ਗਹਿਣੇ ਤੇ ਦਾਜ ਦਾ ਸਮਾਨ ਵੇਚ ਆਇਆ। ਅੱਧਿਉਂ ਵੱਧ ਜ਼ਮੀਨ ਵੀ ਵੇਚ ਦਿੱਤੀ। ਸਾਲ ਬਾਅਦ ਮੈਡਮ ਦੇ ਲੜਕਾ ਹੋਇਆ। ਘਰ ਵਿੱਚ ਝਗੜਾ ਸ਼ੁਰੂ ਹੋ ਗਿਆ। ਪੰਜ-ਚਾਰ ਮਹੀਨੇ ਬਾਅਦ ਹੀ ਪਰਮ ਨੇ ਕਿਹਾ ਮੈਂ ਇੱਥੇ ਨਹੀਂ ਰਹਿਣਾ। ਮੈਂ ਘਰ ਦੀ ਮਿੱਟੀ ਖਾਣੀ ਹੈ, ਸਭ ਕੁਝ ਤਾਂ ਇਸ ਨੇ ਵੇਚ ਦਿੱਤਾ ਹੈ। ਅਜੇ ਮੇਰੀ ਵੀਹ ਸਾਲ ਦੀ ਉਮਰ ਹੈ।

ਮੈਂ ਸਾਰੀ ਉਮਰ ਅਮਲੀ ਨਾਲ ਕਿਵੇਂ ਕੱਢਾਂਗੀ। ਪਰਮ ਮੈਡਮ ਦੇ ਪੇਕੇ ਆਏ, ਪੰਚਾਇਤ ਵਿੱਚ ਫੈਸਲਾ ਕਰ ਲਿਆ ਕਿ ਲੜਕਾ ਘਰ ਵਾਲੇ ਰੱਖ ਲੈਣਗੇ। ਮੈਡਮ ਨੂੰ ਉਸ ਦੇ ਪੇਕੇ ਲੈ ਗਏ। ਧੀਆਂ ਘਰ ਰੱਖਣੀਆਂ ਬਹੁਤ ਔਖੀਆਂ ਹੁੰਦੀਆਂ ਹਨ। ਮੈਡਮ ਦੇ ਦੋ ਭਰਾ ਅਤੇ ਤਿੰਨ ਭੈਣਾਂ ਸਨ। ਦੋ ਭਰਾ ਇਸ ਤੋਂ ਵੱਡੇ ਅਤੇ ਭੈਣਾਂ ਛੋਟੀਆਂ ਸਨ। ਘਰ ਦਾ ਕੰਮ-ਕਾਰ ਬਹੁਤਾ ਠੀਕ ਨਹੀਂ ਸੀ, ਰੋਟੀ ਮਸਾਂ ਹੀ ਚੱਲਦੀ ਸੀ। ਅਜੇ ਮੈਡਮ ਦੇ ਤਲਾਕ ਹੋਏ ਨੂੰ ਮਸਾਂ ਸਾਲ ਹੀ ਹੋਇਆ ਸੀ ਤਾਂ ਕਿਸੇ ਨੇ ਦੱਸ ਪਾ ਦਿੱਤੀ ਕਿ ਅੰਮ੍ਰਿਤਸਰ ਪੈਂਤੀ-ਚਾਲੀ ਸਾਲ ਦਾ ਆਦਮੀ ਹੈ। ਉਸ ਦੀਆਂ ਚਾਰ-ਟੈਕਸੀਆਂ ਚੱਲਦੀਆਂ ਹਨ ਅਤੇ ਪਿੰਡ ਜ਼ਮੀਨ ਵੀ ਹੈ। ਉਸ ਦੀ ਇੱਕ ਵਹੁਟੀ ਪਹਿਲਾਂ ਵੀ ਹੈ। ਜਿਸ ਦੇ ਕੋਈ ਬੱਚਾ ਨਹੀਂ ਹੋਇਆ। ਘਰਦਿਆਂ ਨੇ ਵੀ ਸੋਚਿਆ ਕਿ ਚਲੋ ਠੀਕ ਹੈ। ਕੁੜੀ ਦਾ ਵੀ ਤਾਂ ਦੂਜਾ ਵਿਆਹ ਹੈ। ਜਿਹੜਾ ਕੋਈ ਮਿਲੇਗਾ ਦੁਹਾਜੂ ਹੀ ਮਿਲੇਗਾ।

ਉਹਨਾਂ ਨੇ ਰਿਸ਼ਤਾ ਕਰ ਦਿੱਤਾ ਅਤੇ ਕੁੜੀ ਨੂੰ ਤੋਰ ਦਿੱਤਾ। ਜਿਸ ਨਾਲ ਵਿਆਹ ਕੀਤਾ ਉਸ ਦੀ ਉਮਰ ਉਸ ਵੇਲੇ ਪੰਜਾਹ ਸਾਲ ਦੀ ਸੀ ਅਤੇ ਕੁੜੀ ਦੀ ਉਮਰ ਵੀਹ-ਬਾਈ ਸਾਲ ਦੀ ਸੀ। ਜਿਸ ਆਦਮੀ ਨਾਲ ਵਿਆਹੀ ਸੀ, ਉਸ ਦਾ ਪਹਿਲਾਂ ਵਿਆਹ ਸੀ, ਉਸ ਦਾ ਪਹਿਲੇ ਵਿਆਹ ਵਿੱਚੋਂ ਇੱਕ ਲੜਕਾ ਹੋਇਆ ਸੀ ਅਤੇ ਘਰਵਾਲੀ ਮਰ ਗਈ ਸੀ। ਲੜਕੇ ਨੂੰ ਨਾਨਕੇ ਲੈ ਗਏ ਸਨ। ਉਸ ਦਾ ਫਿਰ ਵਿਆਹ ਹੋਇਆ, ਉਸ ਵਿੱਚੋਂ ਬੱਚਾ ਕੋਈ ਨਹੀਂ ਹੋਇਆ। ਉਸ ਦੀ ਉਹ ਘਰਵਾਲੀ ਵੀ ਨਾਲ ਹੀ ਰਹਿੰਦੀ ਸੀ। ਤੀਜੇ ਵਿਆਹ ਵਿੱਚ ਇਹ ਮੈਡਮ ਆ ਗਈ। ਦੋ ਸਾਲ ਬਾਅਦ ਉਸ ਦੇ ਪੇਟੋਂ ਇੱਕ ਲੜਕਾ ਹੋਇਆ ਅਤੇ ਦੋ ਸਾਲ ਬਾਅਦ ਇੱਕ ਕੁੜੀ ਹੋਈ। ਵਿਆਹ ਤੋਂ ਪੰਜ-ਸੱਤ ਸਾਲ ਬਾਅਦ ਉਸ ਦਾ ਘਰਵਾਲਾ ਰੱਬ ਨੂੰ ਪਿਆਰਾ ਹੋ ਗਿਆ। ਜ਼ਮੀਨ ਸ਼ਰੀਕਾਂ ਨੇ ਸਾਂਭ ਲਈ। ਘਰ ਦੇ ਤਿੰਨ ਹਿੱਸੇ ਹੋ ਗਏ। ਦੋ ਬੱਚੇ ਸਕੂਲੇ ਪੜ੍ਹਦੇ ਸਨ। ਉਹਨਾਂ ਦਾ ਖਰਚਾ ਦੋ-ਚਾਰ ਸਾਲ ਚੱਲਦਾ ਰਿਹਾ। ਅਖ਼ੀਰ ਗੱਡੀਆਂ ਵੀ ਵਿਕ ਗਈਆਂ।

ਇਹ ਸਾਰੀ ਕਹਾਣੀ ਮੈਡਮ ਨੇ ਆਪ ਮੈਨੂੰ ਦੁਕਾਨ ਵਿੱਚ ਬੈਠ ਕੇ ਸੁਣਾਈ। ਤਕਰੀਬਨ ਦੋ-ਢਾਈ ਘੰਟੇ ਉਹ ਆਪਣੀ ਦੁੱਖ ਭਰੀ ਕਹਾਣੀ ਸੁਣਾਉਂਦੀ ਰਹੀ ਅਤੇ ਪਤਾ ਨਹੀਂ ਕਿੰਨੀ ਵਾਰੀ ਰੋਈ ਅਤੇ ਕਿੰਨੀ ਵਾਰੀ ਰੱਬ ਨੂੰ ਬੁਰਾ ਭਲਾ ਕਿਹਾ। ਉਹ ਕਿੰਨੀ ਵਾਰੀ ਮੁਕੱਦਰਾਂ 'ਤੇ ਰੋਈ, ਕਿ ਰੱਬਾ ਜੇ ਇਹਨਾਂ ਸੋਹਣਾ ਰੰਗ-ਰੂਪ ਤੇ ਹੁਸਨ ਦਿੱਤਾ ਸੀ ਤਾਂ ਕਰਮ ਕਿਹੋ ਜਿਹੇ ਲਿਖ ਦਿੱਤੇ। ਖਬਰੇ ਮੈਂ ਪਿਛਲੇ ਯੁੱਗ ਵਿੱਚ ਕਿੰਨੇ ਮਾੜੇ ਕਰਮ ਕੀਤੇ ਹੋਣਗੇ, ਜਿਸ ਦਾ ਫ਼ਲ ਮੈਨੂੰ ਹੁਣ ਮਿਲਿਆ ਹੈ। ਮੈਂ ਉਸ ਨੂੰ ਧੀਰਜ਼ ਦੇ ਕੇ ਪੁੱਛਿਆ ਕਿ ਤੇਰਾ ਰੋਟੀ ਪਾਣੀ ਅਤੇ ਬੱਚਿਆਂ ਦੇ ਖਰਚ ਦਾ ਕਿਵੇਂ ਗੁਜ਼ਾਰਾ ਹੋਵੇਗਾ? ਉਸ ਨੇ ਕਿਹਾ ਇਸੇ ਵਾਸਤੇ ਤਾਂ ਕੁਲਦੀਪ ਏਜੰਟ ਨੂੰ ਰੱਖਿਆ ਸੀ। ਰਲ-ਮਿਲ ਕੇ ਉਹ ਕਮਾਈ ਕਰੇਗਾ, ਮੇਰੇ ਬੱਚੇ ਪਲ ਜਾਣਗੇ। ਆਪੇ ਰੱਬ ਚੰਗੇ ਦਿਨ ਦਿਖਾਵੇਗਾ। ਪਰ ਉਹ ਵੀ ਗੱਲ ਨਹੀਂ ਬਣੀ। ਇਸ ਤੋਂ ਪਹਿਲਾਂ ਭਾਜੀ ਮੇਰੇ ਘਰਵਾਲੇ ਦਾ ਦੋਸਤ ਸਾਡੇ ਘਰ ਆਉਣ ਲੱਗ ਪਿਆ ਸੀ। ਉਸ ਨੇ ਵੀ ਮੈਨੂੰ ਕਾਫ਼ੀ ਲੁੱਟਿਆ। ਮੈਨੂੰ ਉਸ ਨੂੰ ਵੀ ਘਰੋਂ ਕੱਢਣਾ ਪਿਆ। ਇੱਕ ਹੋਰ ਬੰਦਾ ਬਾਰਡਰ 'ਤੇ ਰਹਿਣ ਵਾਲਾ ਸੀ। ਫਿਰ ਮੇਰੇ ਘਰ ਉਹ ਆਉਣ ਲੱਗ ਪਿਆ। ਉਸ ਨੇ ਖਰਚਾ ਦੇਣਾ ਅਤੇ ਮੇਰੇ ਬੱਚਿਆਂ ਦਾ ਗੁਜ਼ਾਰਾ ਚੱਲੀ ਜਾਂਦਾ ਸੀ। ਫਿਰ ਉਹ ਵੀ ਰੱਬ ਨੂੰ ਪਿਆਰਾ ਹੋ ਗਿਆ। ਹੁਣ ਮੇਰਾ ਕੋਈ ਸਹਾਰਾ ਨਹੀਂ। ਮੇਰੇ ਮਾਂ-ਪਿਉ ਨੇ ਮੇਰਾ ਨਾਂ ਪ੍ਰਮਪ੍ਰੀਤ ਰੱਖਿਆ ਸੀ। ਪਰ ਕਰਮ ਕਿਹੋ ਜਿਹੇ ਨਿਕਲੇ। ਰੱਬ ਨੇ ਮੈਥੋਂ ਕਿਸ ਚੀਜ਼ ਦਾ ਬਦਲਾ ਲਿਆ ਹੈ ਕਿ ਮੈਂ ਦਰ-ਦਰ ਦੀਆਂ ਠੋਕਰਾਂ ਖਾ ਰਹੀ ਹਾਂ।

ਮੈਂ ਉਸ ਨੂੰ ਕਿਹਾ ਕਿ ਪ੍ਰੀਤ ਦਿਲ ਛੋਟਾ ਨਾ ਕਰ। ਜੇ ਇੱਕ ਰਾਹ ਬੰਦ ਹੁੰਦਾ ਹੈ ਤਾਂ ਪ੍ਰਮਾਤਮਾ ਕੋਈ ਹੋਰ ਰਸਤਾ ਖੋਲ੍ਹ ਦਿੰਦਾ ਹੈ। ਜਿਸ ਨੇ ਬੰਦੇ ਨੂੰ ਪੈਦਾ ਕੀਤਾ ਹੈ, ਰੋਟੀ ਵੀ ਉਹ ਹੀ ਦਿੰਦਾ ਹੈ। ਰੋਟੀ ਤਾਂ ਕੀੜੇ-ਮਕੌੜੇ ਵੀ ਖਾਂਦੇ ਹਨ। ਤੇਰਾ ਵੀ ਹੱਲ ਹੋ ਜਾਵੇਗਾ। ਰੱਬ 'ਤੇ ਭਰੋਸਾ ਰੱਖੀਦਾ। ਮੈਂ ਤੇਰੇ ਨਾਲ ਹਾਂ। ਤੂੰ ਕੋਈ ਫਿਕਰ ਨਹੀਂ ਕਰਨਾ। ਜੋ ਕੁਝ ਤੈਨੂੰ ਚਾਹੀਦਾ ਹਾਂ, ਮੈਂ ਦੇਵਾਂਗਾ। ਤੇਰੇ ਬੱਚੇ ਵੀ ਮੇਰੇ ਬੱਚਿਆਂ ਵਰਗੇ ਹਨ। ਤੂੰ ਕੱਲ੍ਹ ਤੋਂ ਇਸ ਦੁਕਾਨ 'ਤੇ ਨੌਂ ਦੱਸ ਵਜੇ ਆ ਜਾਇਆ ਕਰ। ਜਦੋਂ ਜੀਅ ਕਰੇ, ਚਲੀ ਜਾਇਆ ਕਰ। ਅੱਜ ਤੋਂ ਤੇਰੇ ਘਰ ਦਾ ਖ਼ਰਚਾ ਮੈਂ ਦੇਵਾਂਗਾ। ਇਹ ਗੱਲ ਪੰਜ-ਚਾਰ ਸਾਲ ਚੱਲਦੀ ਰਹੀ। ਮੈਂ ਉਸ ਦੇ ਘਰ ਵੀ ਚਲਾ ਜਾਣਾ। ਉਸ ਨੇ ਮੇਰੇ ਘਰ ਵੀ ਆ ਜਾਣਾ। ਆਖ਼ੀਰ ਉਸ ਦੇ ਬੱਚੇ ਬਾਰ੍ਹਵੀਂ ਵਿੱਚੋਂ ਪਾਸ ਹੋ ਗਏ। ਸਾਡੇ ਘਰ ਵੀ ਲੜਾਈ ਜ਼ੋਰ ਫੜਨ ਲੱਗੀ।

ਮੇਰੀ ਘਰਵਾਲੀ ਨੂੰ ਕਿਸੇ ਨੇ ਦੱਸ ਦਿੱਤਾ ਕਿ ਤੇਰਾ ਸਰਦਾਰ, ਪ੍ਰਮਪ੍ਰੀਤ ਦਾ ਸਾਰਾ ਖ਼ਰਚਾ ਦਿੰਦਾ ਹੈ। ਬੱਸ ਫਿਰ ਕੀ ਸੀ। ਕੋਈ ਜਨਾਨੀ ਜਾਂ ਬੰਦਾ ਇਹ ਗੱਲ ਕਦੇ ਵੀ ਬਰਦਾਸ਼ਤ ਨਹੀਂ ਕਰਦਾ ਕਿ ਮੇਰੇ ਘਰਵਾਲੇ ਦੇ ਕਿਸੇ ਹੋਰ ਜਨਾਨੀ ਨਾਲ ਸਬੰਧ ਹੋਣ ਜਾਂ ਮੇਰੀ ਘਰਵਾਲੀ ਦੇ ਕਿਸੇ ਹੋਰ ਮਰਦ ਨਾਲ ਸਬੰਧ ਹੋਣ। ਮੈਂ ਤਾਂ ਉਸ ਦੀ ਮਜ਼ਬੂਰੀ ਦੇਖ ਕੇ ਮੱਦਦ ਕਰਦਾ ਸੀ। ਇੱਕ ਉਹ ਮੇਰੇ ਪਿੰਡਾਂ ਦੀ ਸੀ। ਲੱਗਦੀ ਵੀ ਬਹੁਤ ਭੋਲੀ ਸੀ। ਅਖ਼ੀਰ ਉਸ ਦੇ ਘਰੇ ਇੱਕ ਲੜਕਾ ਕਿਰਾਏ 'ਤੇ ਰਹਿਣ ਲੱਗ ਪਿਆ। ਉਸ ਨੇ ਦੋ ਕਮਰੇ ਕਿਰਾਏ 'ਤੇ ਦਿੱਤੇ ਸਨ। ਜਿਹੜਾ ਲੜਕਾ ਉਸ ਦੇ ਘਰ ਕਿਰਾਏ 'ਤੇ ਰਹਿਣ ਲੱਗਾ। ਉਸ ਦੀ ਜ਼ਮੀਨ ਕਾਫ਼ੀ ਸੀ। ਉਹ ਕਾਲਜ਼ ਪੜ੍ਹਦਾ ਸੀ। ਇੱਕ ਦਿਨ ਉਸ ਲੜਕੇ ਦਾ ਪਿਤਾ ਉਸ ਦੇ ਘਰ ਆਇਆ ਅਤੇ ਕਿਹਾ ਕਿ ਮੈਡਮ ਜੇ ਤੁਸੀਂ ਮੇਰੇ ਲੜਕੇ ਨੂੰ ਰੋਟੀ-ਚਾਹ ਦੇ ਦਿਆ ਕਰੋ ਤਾਂ ਅਸੀਂ ਸਾਰੇ ਘਰ ਦਾ ਖ਼ਰਚਾ ਦੇ ਦਿਆ ਕਰਾਂਗੇ। ਤੁਸੀਂ ਆਪਣਾ ਕਿਰਾਇਆ ਲੈ ਲਿਆ ਕਰੋ ਤਾਂ ਪ੍ਰਮਪ੍ਰੀਤ ਨੇ ਮੇਰੇ ਨਾਲ ਸਲਾਹ ਕੀਤੀ।

ਮੈਂ ਕਿਹਾ ਇੱਕ ਮਿੰਟ ਨਾ ਲਾ। ਇਹ ਗੱਲ ਮੰਨ ਲੈ। ਉਸ ਦੀ ਰੋਟੀ ਪਕਾਉਣੀ ਸ਼ੁਰੂ ਕਰ ਦੇ। ਕਿਉਂਕਿ ਮੇਰੇ ਘਰੇ ਆਪਣਾ ਸਿਆਪਾ ਪਿਆ ਸੀ, ਦਿਲੋਂ ਮੈਂ ਵੀ ਚਾਹੁੰਦਾ ਸੀ ਕਿ ਮੈਂ ਵੀ ਪਾਸੇ ਹੋ ਜਾਵਾਂ। ਉਸ ਨੇ ਉਸ ਦੀ ਰੋਟੀ ਪਕਾਉਣੀ ਸ਼ੁਰੂ ਕਰ ਦਿੱਤੀ। ਬਾਅਦ ਵਿੱਚ ਪਤਾ ਲੱਗਾ ਕਿ ਪ੍ਰਮਪ੍ਰੀਤ ਦੇ ਘਰੇ ਦੋਨੋਂ ਪਿਉ ਪੁੱਤ ਹੀ ਰਹਿਣ ਲੱਗ ਪਏ ਹਨ। ਜੇ ਦਿਨੇ ਪਿਉ ਜਾਂਦਾ ਤਾਂ ਲੜਕਾ ਆ ਜਾਂਦਾ ਅਤੇ ਜੇ ਲੜਕਾ ਜਾਂਦਾ ਤਾਂ ਪਿਉ ਆ ਜਾਂਦਾ। ਪੰਜ ਚਾਰ ਮਹੀਨੇ ਬਾਅਦ ਉਹਨਾਂ ਦੇ ਆਪਣੇ ਘਰ ਵੀ ਸਿਆਪਾ ਪੈ ਗਿਆ। ਅਖ਼ੀਰ ਲੜਕੇ ਦੀ ਮਾਂ ਪ੍ਰਮਜੀਤ ਦੇ ਘਰ ਆ ਕੇ ਉਸ ਦੀ ਬੇਇੱਜ਼ਤੀ ਕਰ ਕੇ ਗਈ। ਸਾਨੂੰ ਖਾਈ ਵੀ ਜਾਂਦੀ ਹੈ, ਮੇਰਾ ਮੁੰਡਾ ਅਤੇ ਖਸਮ ਵੀ ਸਾਂਭੀ ਬੈਠੀ ਹੈ। ਅਖ਼ੀਰ ਮਹੀਨੇ ਬਾਅਦ ਉਹ ਵੀ ਆਪਣਾ ਸਮਾਨ ਚੁੱਕ ਕੇ ਘਰ ਲੈ ਗਏ। ਦੋਹਾਂ ਕੁ ਮਹੀਨਿਆਂ ਬਾਅਦ ਬਜ਼ਾਰ ਵਿੱਚ ਪ੍ਰਮਪ੍ਰੀਤ ਕਿਸੇ ਹੋਰ ਦੇ ਮੋਟਰ ਸਾਈਕਲ 'ਤੇ ਬੈਠੀ ਸੀ। ਮੈਨੂੰ ਇਸ਼ਾਰੇ-ਇਸ਼ਾਰੇ ਵਿੱਚ ਦੱਸ ਦਿੱਤਾ ਕਿ ਉਹ ਚਲੇ ਗਏ ਹਨ। ਇਹ ਨਵੇਂ ਭਾਜੀ ਆਏ ਹਨ।

ਛੇ ਕੁ ਮਹੀਨੇ ਨਵੇਂ ਭਾਜੀ ਰਹੇ। ਫਿਰ ਇੱਕ ਦਿਨ ਅਖ਼ਬਾਰ ਵਿੱਚ ਇਸ਼ਤਿਹਾਰ ਨਿਕਲਿਆ ਕਿ ਅਮਰੀਕਾ ਵਿੱਚ ਇੱਕ ਸੱਠ ਸਾਲ ਦਾ ਨੌਜਵਾਨ ਜਿਸ ਦੀ ਘਰਵਾਲੀ ਮਰ ਗਈ ਹੈ। ਉਸ ਦੀ 25,000 ਮਹੀਨੇ ਦੀ ਇੰਡੀਆ ਪੈਨਸ਼ਨ ਹੈ। ਉਸ ਨੂੰ ਜੀਵਨ ਸਾਥਣ ਦੀ ਲੋੜ ਹੈ। ਪ੍ਰਮਪ੍ਰੀਤ ਨੇ ਮੈਥੋਂ ਟੈਲੀਫ਼ੋਨ 'ਤੇ ਸਲਾਹ ਪੁੱਛੀ ਕਿ ਇਹ ਅਖ਼ਬਾਰ ਵਿੱਚ ਇਸ਼ਤਿਹਾਰ ਆਇਆ ਹੈ, ਮੈਂ ਕਿਵੇਂ ਕਰਾਂ। ਫਿਰ ਅਸੀਂ ਉਹਨਾਂ ਨਾਲ ਟੈਲੀਫ਼ੋਨ 'ਤੇ ਗੱਲ ਕੀਤੀ। ਮੈਂ ਉਸ ਨੂੰ ਕਿਹਾ ਕਿ ਇਸ ਦੇ ਦੋ ਬੱਚੇ ਵੀ ਹਨ ਅਤੇ ਉਮਰ ਵੀ ਪੈਂਤੀ ਕੁ ਸਾਲ ਹੈ। ਉਹ ਆਦਮੀ ਅਮਰੀਕਾ ਤੋਂ ਇੰਡੀਆ ਆਇਆ ਹੋਇਆ ਸੀ। ਅਸੀਂ ਉਸ ਨੂੰ ਪ੍ਰਮਪ੍ਰੀਤ ਦੇ ਘਰ ਹੀ ਬੁਲਾ ਲਿਆ। ਉਸ ਦੇ ਪੇਪਰ ਵਗੈਰਾ ਦੇਖੇ ਅਤੇ ਤਸੱਲੀ ਕੀਤੀ। ਉਸ ਨਾਲ ਕੋਰਟ ਮੈਰਿਜ਼ ਕਰ ਦਿੱਤੀ। ਉਹ ਭਾਜੀ ਸਾਲ ਬਾਅਦ ਪ੍ਰਮਪ੍ਰੀਤ ਨੂੰ ਅਤੇ ਦੋਨੋਂ ਬੱਚਿਆਂ ਨੂੰ ਅਮਰੀਕਾ ਲੈ ਗਿਆ। ਦੋ ਕੁ ਸਾਲ ਹੀ ਉਹ ਭਾਈ ਪ੍ਰਮਪ੍ਰੀਤ ਦੇ ਨਾਲ ਰਿਹਾ ਅਤੇ ਫਿਰ ਉਸ ਨੂੰ ਹਾਰਟ-ਅਟੈਕ ਹੋ ਗਿਆ। ਉਹ ਰੱਬ ਨੂੰ ਪਿਆਰਾ ਹੋ ਗਿਆ। ਉਸ ਦੀ 25,000 ਪੈਨਸ਼ਨ, ਪੰਜ ਕਿੱਲੇ ਜ਼ਮੀਨ ਅਤੇ ਅਮਰੀਕਾ ਵਿੱਚ ਇੱਕ ਕੋਠੀ ਮੈਡਮ ਪ੍ਰਮਪ੍ਰੀਤ ਨੂੰ ਮਿਲ ਗਈ। ਮੈਨੂੰ ਉਸ ਦਾ ਟੈਲੀਫ਼ੋਨ ਆਇਆ ਕਿ ਮੇਰਾ ਘਰਵਾਲਾ ਮਰ ਗਿਆ ਹੈ। ਮੈਂ ਉਸ ਨਾਲ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਬਹੁਤ ਮਾੜੀ ਗੱਲ ਹੋਈ ਹੈ ਪਰ ਰੱਬ ਨੇ ਤੇਰੀ ਸਾਰੀ ਸੁਣ ਲਈ ਹੈ। ਤੇਰੇ ਸਾਰੇ ਕਾਰਜ ਪੂਰੇ ਹੋ ਗਏ ਹਨ। ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ। ਹੁਣ ਪ੍ਰਮਪ੍ਰੀਤ ਸਾਲ ਵਿੱਚ ਦੋ-ਦੋ ਵਾਰ ਇੰਡੀਆ ਆਉਂਦੀ ਹੈ। ਮੈਂ ਇੱਕ ਦਿਨ ਸਕੂਟਰ ਉੱਤੇ ਜਾ ਰਿਹਾ ਸੀ ਉਹ ਸਫਾਰੀ ਗੱਡੀ ਤੇ ਸੈਕਿੰਡ ਸੀਟ 'ਤੇ ਕਾਲੀਆਂ ਐਨਕਾਂ ਅਤੇ ਜੀਨ ਪਾ ਕੇ ਬੈਠੀ ਸੀ। ਉਹਨਾਂ ਦੀ ਗੱਡੀ ਮੇਰੇ ਸਕੂਟਰ ਦੇ ਨਾਲ ਹੀ ਆ ਖੜ੍ਹੀ ਹੋਈ। ਉਸ ਨੇ ਪਛਾਣ ਕੇ ਮੇਰੇ ਮੋਢੇ 'ਤੇ ਹੱਥ ਮਾਰਿਆ। ਭਾਜੀ ਕੀ ਹਾਲ ਹੈ? ਮੈਂ ਕਿਹਾ ਸਾਡੇ ਤਾਂ ਉਹੋ ਜਿਹੇ ਹੀ ਹਨ, ਪਰ ਤੁਹਾਡੇ ਬਦਲ ਗਏ ਹਨ। ਸਾਡੇ ਕੋਲ ਤਾਂ ਉਹੀ ਸਕੂਟਰ ਪਰ ਤੇਰੇ ਕੋਲ ਟੁੱਟੇ ਲੇਡੀਜ਼ ਸਾਇਕਲ ਤੋਂ ਸਫਾਰੀ ਗੱਡੀ ਆ ਗਈ ਹੈ। ਮੈਂ ਅਜੇ ਗੱਲ ਹੀ ਕਰਨ ਲੱਗਾ ਸੀ। ਉਸ ਨੇ ਮੈਨੂੰ ਇਸ਼ਾਰੇ ਨਾਲ ਸਮਝਾ ਦਿੱਤਾ ਕਿ ਚੁੱਪ। ਸਰਦਾਰ ਜੀ ਮਾਈਂਡ ਕਰਨਗੇ। ਮੈਂ ਮੁਸਕਰਾਉਂਦਿਆਂ ਕਿਹਾ ਇਹ ਨਵੇਂ ਭਾਜੀ ਹਨ!

(ਚਲਦਾ)